ਸਭ ਤੋਂ ਵੱਡੇ ਕਿਸਾਨ **ਬਾਇਓਗੈਸ**
ਨੈਟਵਰਕ ਵਿੱਚ ਸੁਆਗਤ ਹੈ!




ਆਪਣੇ **ਬਾਇਓਡਾਈਜੈਸਟਰ**
ਤੋਂ ਜਿੰਨ੍ਹਾ ਹੋ ਸਕੇ ਪ੍ਰਾਪਤ ਕਰੋ!

# ਉਪਭੋਗਤਾ ਮੈਨੂਅਲ

SISTEMA.bio
CREATING VALUE FROM WASTE

# ਆਪਣੇ ਬਾਇਓਡਿਜੈਸਟਰ ਨੂੰ ਸਮਝਣਾ



# ਇੰਡੈਕਸ


**ਬਾਇਓਡਾਈਜੈਸਟਰ ਇੰਸਟਾਲ ਕੀਤਾ ਗਿਆ ਹੈ** ........ 3
**ਬਾਇਓਡਾਈਜੈਸਟਰ ਦੇ ਕਾਰਜਸ਼ੀਲ ਹਿੱਸੇ** ........ 4
**ਸੁਰੱਖਿਆ** ........ 6
- ਬਾਇਓਡਾਈਜੈਸਟਰ ........ 6
- ਜੈਵਿਕ ਖਾਦ (ਬਾਇਓਫਰਟੀਲਾਈਜ਼ਰ) ........ 7
- ਬਾਇਓਗੈਸ ........ 8


**ਬਾਇਓਡਾਈਜੈਸਟਰ ਸਟਾਰਟਅੱਪ** ........ 10
**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ** ........ 14
- ਆਪਣੇ ਡਾਈਜੈਸਟਰ ਨੂੰ ਠੀਕ ਰੱਖੋ ........ 14
- ਬਾਇਓ ਗੈਸ ਦੀ ਵਰਤੋਂ ........ 17
- ਜੈਵਿਕ ਖਾਦ (ਬਾਇਓਫਰਟੀਲਾਈਜ਼ਰ) ਦੀ ਵਰਤੋਂ ........ 20

**ਬਾਇਓਡਾਈਜੈਸਟਰ ਤੋਂ ਵੱਧ ਤੋਂ ਵੱਧ ਪ੍ਰਾਪਤ ਕਰੋ** ........ 21
**ਸਪੇਅਰ ਪਾਰਟਸ** ........ 23
**ਮੁੱਢਲੀ ਸਮੱਸਿਆ-ਨਿਪਟਾਰਾ** ........ 24
**ਨਿਪਟਾਰਾ** ........ 30
**ਧਿਆਨ ਵਿੱਚ ਰੱਖਣ ਵਾਲੇ ਵੇਰਵੇ** ........ 30
**ਨੋਟ** ........ 31
**ਸੰਪਰਕ ਜਾਣਕਾਰੀ** ........ 35


**ਤਕਨੀਸ਼ੀਅਨ ਅਤੇ ਸਿੱਖਿਅਕ ਲਈ ਨੋਟ:**

- ਇੰਸਟਾਲ ਕਰਨ ਵਾਲੇ ਦਿਨ, ਉਪਭੋਗਤਾ ਨੂੰ ਪੰਨੇ 3 ਤੋਂ 13 ਤੱਕ ਵਿਸ਼ਾ-ਸੂਚੀ ਬਾਰੇ ਸਿਖਲਾਈ ਦਿਓ।
- ਚਾਲੂ ਹੋਣ ਵਾਲੇ ਦਿਨ, ਉਪਭੋਗਤਾ ਨੂੰ ਪੂਰੇ ਮੈਨੂਅਲ ਬਾਰੇ ਸਿਖਲਾਈ ਦਿਓ।

# ਬਾਇਓਡਾਈਜੈਸਟਰ ਇੰਸਟਾਲ ਕੀਤਾ ਗਿਆ ਹੈ




## ਤੁਹਾਡੇ ਦੁਆਰਾ ਇੰਸਟਾਲ ਕਰਨ **ਵਾਲੇ ਹਿੱਸਿਆਂ** ਨੂੰ ਜਾਣੋ


1. ਫੀਡਿੰਗ ਟੈਂਕ
2. ਇਨਲੇਟ ਅਤੇ ਆਊਟਲੇਟ ਰਿਐਕਟਰ ਪਾਈਪਿੰਗ
3. ਰਿਐਕਟਰ
4. ਬਾਇਓਫਰਟੀਲਾਈਜ਼ਰ ਟੈਂਕ
5. ਬਾਇਓਗੈਸ ਆਊਟਲੈਟ
6. ਪ੍ਰੈਸ਼ਰ ਛੱਡਣ ਵਾਲਾ ਵਾਲਵ
7. ਆਈਸੋਲੇਸ਼ਨ ਵਾਲਵ
8. ਬਾਇਓਗੈਸ ਫਿਲਟਰ
9. ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ)
10. ਬਾਇਓਸਟੋਵ
11. ਕਾਊਂਟਰਵੇਟ

ਨੋਟ: ਖੇਤਰ ਅਤੇ ਪ੍ਰੋਜੈਕਟ ਦੇ ਸਥਾਨਕ ਸੰਦਰਭ ਦੇ ਆਧਾਰ ਤੇ ਹਿੱਸੇ ਵੱਖ–ਵੱਖ ਹੋ ਸਕਦੇ ਹਨ।

# ਬਾਇਓਡਾਈਜੈਸਟਰ ਦੇ ਕਾਰਜਸ਼ੀਲ ਹਿੱਸੇ

SISTEMA.bio
CREATING VALUE FROM WASTE

**1** **ਫੀਡਿੰਗ ਟੈਂਕ:** ਲੰਬੇ ਸਮੇਂ ਤੱਕ ਚੱਲਣ ਵਾਲਾ ਟੈਂਕ ਜਿਸ ਵਿੱਚ ਤੁਸੀ ਗੋਬਰ ਅਤੇ ਪਾਣੀ ਮਿਲਾ ਸਕਦੇ ਹੋ। ਇਹ ਤੁਹਾਨੂੰ ਅਣਚਾਹੇ ਤੱਤਾਂ ਦੀ ਪਛਾਣ ਕਰਨ ਅਤੇ ਹਟਾਉਣ ਵਿੱਚ ਵੀ ਮਦਦ ਕਰਦਾ ਹੈ।




**4** **ਬਾਇਓਫਰਟੀਲਾਈਜ਼ਰ ਟੈਂਕ:** ਇਸ ਵਿੱਚ ਤੁਸੀਂ ਆਪਣੇ ਬਾਇਓਫਰਟੀਲਾਈਜ਼ਰ ਦੀ ਵਰਤੋਂ ਕਰਨ ਤੋਂ ਪਹਿਲਾਂ ਇਸਨੂੰ ਸਟੋਰ ਕਰ ਸਕਦੇ ਹੋ !





**ਨੋਟ: ਇਹਨਾਂ ਸਾਰੇ ਹਿੱਸਿਆਂ ਲਈ ਨਿਯਮਤ ਸੰਚਾਲਨ ਅਤੇ ਰੱਖ–ਰਖਾਅ ਦੀਆਂ ਕਾ–ਰਵਾਈਆਂ ਦੀ ਲੋੜ ਹੁੰਦੀ ਹੈ ਜਿਵੇਂ ਕਿ ਮੈਨੂਅਲ ਵਿੱਚ ਬਾਅਦ ਵਿੱਚ ਦੱਸਿਆ ਗਿਆ ਹੈ!**

**ਖੇਤਰ ਅਤੇ ਪ੍ਰੋਜੈਕਟ ਦੇ ਸਥਾਨਕ ਸੰਦਰਭ ਦੇ ਆਧਾਰ ਤੇ ਹਿੱਸੇ ਵੱਖ–ਵੱਖ ਹੋ ਸਕਦੇ ਹਨ।**


**6** **ਪ੍ਰੈਸਰ ਛੱਡਣ ਵਾਲਾ ਵਾਲਵ(ਪੀਆਰਵੀ):** ਇਹ ਉਲਟ–ਦਬਾਅ ਲਈ ਪਾਣੀ ਦੀ ਵਰਤੋਂ ਕਰਕੇ ਬਾਇਓਡਾਈਜੈਸਟਰ ਵਿੱਚ ਦਬਾਅ ਨੂੰ ਨਿਯੰਤਰਿਤ ਕਰਦਾ ਹੈ।







**7 ਆਈਸੋਲੇਸ਼ਨ ਵਾਲਵ:** ਇਸ ਨਾਲ ਤੁਸੀ ਬਾਇਓਗੈਸ ਦੇ ਪ੍ਰਵਾਹ ਨੂੰ ਬੰਦ ਕਰ ਸਕਦੇ ਹੋ ਅਤੇ ਰੋਕ ਸਕਦੇ ਹੋ।



**9 ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ):** ਜੱਦ ਤਾਪਮਾਨ ਘਟਦਾ ਹੈ, ਤਾਂ ਬਾਇਓਗੈਸ ਦਾ ਪਾਣੀ ਦੂਸ਼ਿਤ/ਮੈਲਾ ਹੋ ਜਾਂਦਾ ਹੈ ਅਤੇ ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਦੁਆਰਾ ਇਕੱਠਾ ਕੀਤਾ ਜਾਂਦਾ ਹੈ।



**8 ਬਾਇਓਗੈਸ ਫਿਲਟਰ:** ਬਾਇਓਗੈਸ ਦੀ ਗੰਧ ਅਤੇ ਸਲਫਰ ਦੀ ਮਾਤਰਾ ਨੂੰ ਘਟਾਉਂਦਾ ਹੈ। ਇਹ ਸਾਰੇ ਧਾਤੂ ਬਾਇਓਗੈਸ ਉਪਕਰਨਾਂ ਦੀ ਉਮਰ ਨੂੰ ਵਧਾਉਂਦਾ ਹੈ।





**ਨੋਟ: ਇਹਨਾਂ ਸਾਰੇ ਹਿੱਸਿਆਂ ਲਈ ਨਿਯਮਤ ਸੰਚਾਲਨ ਅਤੇ ਰੱਖ-ਰਖਾਅ ਦੀਆਂ ਕਾਰਵਾਈਆਂ ਦੀ ਲੋੜ ਹੁੰਦੀ ਹੈ ਜਿਵੇਂ ਕਿ ਮੈਨੂਅਲ ਵਿੱਚ ਬਾਅਦ ਵਿੱਚ ਦੱਸਿਆ ਗਿਆ ਹੈ!**

**ਖੇਤਰ ਅਤੇ ਪ੍ਰੋਜੈਕਟ ਦੇ ਸਥਾਨਕ ਸੰਦਰਭ ਦੇ ਆਧਾਰ ਤੇ ਹਿੱਸੇ ਵੱਖ-ਵੱਖ ਹੋ ਸਕਦੇ ਹਨ।**

**10 ਬਾਇਓਸਟੋਵ:** ਸਟੈਂਡਰਡ ਕਿੱਟ ਵਿੱਚ ਉਪਕਰਣ ਸਾਮਲ ਹੈ।





*ਜਦੋਂ ਲੋੜ ਹੋਵੇ, ਦਬਾਉ ਅਤੇ ਚਾਲੂ/ਬੰਦ ਕਰੋ




ਡਾਈਜੈਸਟਰ ਦੇ ਆਲੇ–ਦੁਆਲੇ ਛੋਟੇ ਬੱਚਿਆਂ ਨੂੰ **ਨਾ ਆਉਣ ਦਿਓ,** ਡਾਈਜੈਸਟਰ ਦੇ **ਉੱਤੇ ਛਾਲ ਨਾ ਮਾਰੋ ਜਾਂ ਨਾ ਹੀ ਦੌੜੋ।**




ਪਾਈਪਾਂ ਦੇ ਪੱਧਰ ਨੂੰ ਨਾ ਖਿੱਚੋ, ਨਾ ਹੀ ਚੁੱਕੋ ਜਾਂ ਨਾ ਹੀ ਉੱਚਾ ਕਰੋ ਜੋ ਡਾਇਜੈਸਟਰ ਦੇ **ਅੰਦਰ ਜਾਂਦਿਆਂ** ਹਨ ਜਾਂ **ਬਾਹਰ ਨਿਕਲਦੀਆਂ** ਹਨ।



ਡਾਈਜੈਸਟਰ ਖੇਤਰ ਦੇ ਨੇੜੇ **ਸਿਗਰਟ ਨਾ ਪੀਓ, ਤਿੱਖੀ ਵਸਤੂਆਂ** ਦੀ ਵਰਤੋਂ ਨਾ ਕਰੋ ਜਾਂ **ਅੱਗ ਨਾ ਜਲਾਉ।**




ਬਾਇਓਗੈਸ ਦੇ **ਹਿੱਸਿਆਂ** ਦੀ ਜਗ੍ਹਾ ਨਾ ਬਦਲੋ।



ਜੈਵਿਕ ਖਾਦ (ਬਾਇਓਫਰਟੀਲਾਈਜ਼ਰ) **ਨਾ** ਪੀਓ, ਅੱਖਾਂ ਅਤੇ ਚਮੜੀ ਨਾਲ ਸਿੱਧੇ ਸੰਪਰਕ ਤੋਂ ਬਚੋ।

ਦੁਰਘਟਨਾਵਾਂ ਤੋਂ ਬਚਾਅ ਲਈ ਆਪਣੇ ਬਾਇਓਫਰਟੀਲਾਈਜ਼ਰ ਟੈਂਕ ਦੇ ਆਲੇ-ਦੁਆਲੇ **ਵਾੜ ਲਗਾਉ ਜਾਂ** ਕਵਰ **ਕਰੋ।**




1. **ਖਾਦ** ਅਤੇ ਜੈਵਿਕ **ਖਾਦ (ਬਾਇਓਫਰਟੀਲਾਈਜ਼ਰ) ਨੂੰ ਸੰਭਾਲਣ** ਲਈ ਦਸਤਾਨਿਆਂ ਦੀ ਵਰਤੋਂ ਕਰੋ।

2. ਸੰਭਾਲਣ ਤੋਂ ਬਾਅਦ **ਆਪਣੇ ਹੱਥ ਧੋਵੋ।**




1. **ਵਾਢੀ ਤੋਂ ੩ ਹਫ਼ਤੇ ਪਹਿਲਾਂ ਜੈਵਿਕ ਖਾਦ (ਬਾਇਓਫਰਟੀਲਾਈਜ਼ਰ)** ਪਾਉਣਾ ਬੰਦ ਕਰ ਦਿਓ।

2. ਫਲਾਂ ਅਤੇ ਸਬਜ਼ੀਆਂ ਨੂੰ ਖਾਣ ਤੋਂ ਪਹਿਲਾਂ **ਧੋਵੋ।**



ਬਾਇਓਗੈਸ ਨੂੰ ਕਿਸੇ ਵੀ ਸਥਿਤੀ ਵਿੱਚ ਸਿੱਧੇ ਸਾਹ ਦੇ ਨਾਲ **ਨਾ ਲਓ** ।




**1. ਬਾਇਓਗੈਸ ਦੇ ਲੀਕ** ਹੋਣ ਦੀ ਗੰਧ **ਸੜੇ ਹੋਏ ਅੰਡਿਆਂ** ਵਰਗੀ ਹੋਵੇਗੀ ।

**2.** ਇੱਕ ਵਾਰ ਜਦੋਂ ਘਰ ਦੇ ਅੰਦਰ ਲੀਕ ਹੋਣ ਦਾ ਪਤਾ ਲੱਗ ਜਾਵੇ, ਤਾਂ ਘਰ **ਤੋਂ ਬਾਹਰ** ਆ **ਜਾਉ ਕਿਉਂਕਿ ਅੱਗ ਲੱਗਣ ਦਾ ਖਤਰਾ** ਹੋ ਸਕਦਾ ਹੈ

ਬਾਇਓਗੈਸ ਦੇ ਪ੍ਰਵਾਹ ਨੂੰ ਰੋਕਣ ਲਈ **ਆਈਸੋਲੇਸ਼ਨ** ਵਾਲਵ ਨੂੰ ਬੰਦ ਕਰੋ ।




**4.** ਘਰ ਨੂੰ **ਹਵਾਦਾਰ ਕਰੋ** ਤਾਂ ਜੋ ਗੈਸ ਉੱਡ ਜਾਵੇ ।

**5.** ਲੀਕ ਹੋਣ ਦਾ **ਪਤਾ ਲਗਾਓ ਅਤੇ ਮੁਰੰਮਤ ਕਰੋ** ।


**6.** ਮਦਦ ਲਈ **ਕਾਲ ਕਰੋ** ।




ਕਿਸੇ ਵੀ ਤਾਰਾਂ ਜਾਂ ਜੋੜਾਂ ਨੂੰ ਸਟੋਵ ਦੇ ਉੱਪਰੋਂ ਨਾ ਜਾਣ ਦਿਓ। ਬਾਇਓਸਟੋਵ ਨੂੰ ਇੱਕ ਸਖਤ ਅਤੇ ਸਥਿਰ ਸਤਹ ਤੇ ਰੱਖੋ।




ਪਰਦੇ ਜਾਂ ਕੋਈ ਹੋਰ ਜਲਣਸ਼ੀਲ ਵਸਤੂ ਨੂੰ ਅੱਗ ਦੇ ਨੇੜੇ ਨਾ ਰੱਖੋ।




ਬਾਇਓਸਟੋਵ ਦੀ ਵਰਤੋਂ ਕਰਦੇ ਸਮੇਂ **ਸਾਵਧਾਨ ਰਹੋ**। ਜਲਣ ਦਾ ਖਤਰਾ ਹੁੰਦਾ ਹੈ।




**ਬਾਇਓਸਟੋਵ** ਨੂੰ ਬਾਇਓਡਾਈਜੈਸਟਰ ਤੋਂ ਇਲਾਵਾ ਕਿਸੇ ਹੋਰ ਗੈਸ ਸਰੋਤ ਨਾਲ **ਨਾ** ਜੋੜੋ।




ਬਾਇਓਗੈਸ ਲਾਈਨ ਨੂੰ **ਕੁਦਰਤੀ ਗੈਸ ਸਟੋਵ** ਨਾਲ **ਨਾ** ਜੋੜੋ।



ਜੇਕਰ ਬਾਇਓਡੀਜੇਸਟਰ ਗ੍ਰੀਨਹਾਊਸ ਵਿੱਚ ਇੰਸਟਾਲ ਕੀਤਾ ਗਿਆ ਹੈ, ਤਾਂ **ਦਬਾਅ ਛੱਡਣ ਵਾਲਾ ਵਾਲਵ ਅਤੇ ਬਾਇਓਫਰਟੀਲਾਈਜ਼ਰ ਟੈਂਕ** ਨੂੰ ਗ੍ਰੀਨਹਾਊਸ ਦੇ ਬਾਹਰ ਇੰਸਟਾਲ ਕੀਤਾ ਜਾਣਾ ਚਾਹੀਦਾ ਹੈ। ਗ੍ਰੀਨਹਾਉਸ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਸਨੂੰ ਪੂਰੀ ਤਰ੍ਹਾਂ ਹਵਾਦਾਰ ਹੋਣਾ ਚਾਹੀਦਾ ਹੈ।




# ਬਾਇਓਡਾਈਜੈਸਟਰ ਸਟਾਰਟਅੱਪ

SISTEMA.bio
CREATING VALUE FROM WASTE

ਇਸ **ਕਿਊਆਰ ਕੋਡ** ਦੀ ਵਰਤੋਂ ਆਪਣੇ ਡਾਈਜੈਸਟਰ ਨੂੰ ਵਰਤਣ ਲਈ ਤਿਆਰ ਕਿਵੇਂ ਕਰਨਾ ਹੈ ਬਾਰੇ ਵਿਸਤਰਿਤ ਵੀਡੀਓ ਦੇਖਣ ਲਈ ਕਰੋ।


**ਕਦਮ 1** ਰਿਐਕਟਰ ਨੂੰ ਪਾਣੀ ਨਾਲ ਭਰੋ ਜਦੋਂ ਤੱਕ ਪਾਣੀ ਇਨਲੇਟ ਅਤੇ ਆਊਟਲੇਟ ਦੇ ਮੋੜ ਤੱਕ ਨਹੀਂ ਪਹੁੰਚਦਾ ਹੈ।

15






ਫਿਲਿੰਗ = 0%



ਫਿਲਿੰਗ = ਚਲ ਰਿਹਾ ਹੈ




ਫਿਲਿੰਗ = 100%


ਬਾਇਓਡਾਈਜੈਸਟਰ ਨੂੰ ਭਰਨ ਲਈ ਪਾਣੀ ਦੀ ਮਾਤਰਾ ਦੀ ਲੋੜ ਹੈ

| | m3 | ਲੀਟਰ |
|---|---|---|
| ਸੋਸਟੇਮਾ 6 | 3 | 3,000 |


**ਚੰਗੀ ਹਾਈਡ੍ਰੋਲਿਕ ਸੀਲ:** ਗੈਸ ਰਿਐਕਟਰ ਤੋਂ ਬਾਹਰ ਨਹੀਂ ਆਉਂਦੀ ਹੈ।




**ਕੋਈ ਹਾਈਡ੍ਰੋਲਿਕ ਸੀਲ ਨਹੀਂ:** ਗੈਸ ਬਾਹਰ ਨਿਕਲ ਸਕਦੀ ਹੈ।




**ਕਦਮ 2**
ਪੀਆਰਵੀ ਨੂੰ ਪਾਣੀ ਨਾਲ ਭਰੋ।



**ਕਦਮ 3** ਗੈਸ ਲਾਈਨ ਨੂੰ ਬੰਦ ਕਰ ਦਿਓ।

**(OM3), (OM3bis), (OM4)**



**ਕਦਮ 4** ਪਹਿਲੀ ਖੁਰਾਕ ਪਾਉ।




ਅਸੀਂ **ਪਹਿਲੀ ਖੁਰਾਕ** ਲਈ **ਗਾਂ ਦੇ ਗੋਬਰ ਦੀ ਖਾਦ** ਦੀ ਵਰਤੋਂ ਕਰਨ ਦੀ ਸਿਫਾਰਸ਼ ਕਰਦੇ ਹਾਂ।


ਪਹਿਲੀ ਖੁਰਾਕ ਤੋਂ **10/15 ਦਿਨ ਪਹਿਲਾਂ ਤਿਰਪਾਲ ਦੇ ਹੇਠਾਂ ਖਾਦ ਦੇ ਢੇਰ ਨੂੰ ਸਟੋਰ** ਕਰਨ ਨਾਲ ਡਾਇਜੈਸਟਰ ਦੀ ਸ਼ੁਰੂਆਤ ਵਿੱਚ ਸੁਧਾਰ ਹੋਵੇਗਾ।

ਸ਼ੁਰੂਆਤ ਕਰਨ ਦੇ ਸਮੇਂ ਨੂੰ ਘੱਟ ਕਰਨ ਲਈ ਇੱਕ ਚਲਦੇ ਹੋਏ ਡਾਇਜੈਸਟਰ ਤੋਂ ਵੱਧ ਤੋਂ ਵੱਧ **ਬਾਇਓਫਰਟੀਲਾਈਜ਼ਰ** (ਜਿਸ ਨੂੰ **ਡਾਈਜੈਸਟੇਟ ਜਾਂ ਬਾਇਓਸਲਰੀ [ਜੈਵਿਕ ਘੋਲ]** ਵੀ ਕਿਹਾ ਜਾਂਦਾ ਹੈ) ਸ਼ਾਮਲ ਕਰੋ।

**ਕਦਮ 4**

|  | **ਗਾਂ ਦੇ ਗੋਬਰ ਦੀ ਖਾਦ** ਦੀ ਪਹਿਲੀ ਖੁਰਾਕ – **ਲੀਟਰ ਜਾਂ ਕਿਲੋਗ੍ਰਾਮ** |
|---|---|
|  | **ਗਰਮ** >23 °C |
| ਸੋਸਟੇਮਾ **6** | **450** |

ਹਮੇਸ਼ਾ ਪਾਣੀ ਮਿਲਾ ਕੇ ਪਤਲਾ ਕਰੋ
**1 ਹਿੱਸਾ ਗਾਂ ਦੇ ਗੋਬਰ ਨਾਲ 2 ਹਿੱਸੇ ਪਾਣੀ**




***ਨੋਟ:** ਕਿਸੇ ਵੀ ਹੋਰ ਕਿਸਮ ਦੇ ਕੂੜੇ ਲਈ, ਤੁਹਾਡਾ ਤਕਨੀਸ਼ੀਅਨ ਪੰਨਾ ਨੰਬਰ **32** ਤੇ (ਮੈਨੂਅਲ ਦੇ ਅੰਤ ਤੇ) ਹਦਾਇਤਾਂ ਲਿਖੇਗਾ


ਉਦਾਹਰਨ ਲਈ:
**ਸਿਸਟੇਮਾ 6**
**ਨਿੱਘਾ ਮੌਸਮ**





ਖੁਰਾਕ ਪਾਉਣ ਤੋਂ ਪਹਿਲਾਂ, ਖਾਦ ਦੀ ਜਾਂਚ ਕਰੋ ਅਤੇ ਫਿਲਟਰ ਕਰੋ



**ਹਟਾਉ**
- ਰੇਤ, ਪੱਥਰ
- ਘਾਹ, ਰੇਸ਼ੇ, ਪੱਤੇ, ਲੱਕੜ, ਲੱਕੜ ਦਾ ਬੂਰਾ
- ਮਿੱਟੀ
- ਪਲਾਸਟਿਕ, ਧਾਤ, ਕੱਚ
- ਖੱਟੇ ਫਲ
- ਖਾਣਾ ਪਕਾਉਣ ਵਾਲਾ ਤੇਲ, ਕਿਉਂਕਿ ਇਹ ਕਾਰਜਸ਼ੀਲ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ




ਜਾਨਵਰਾਂ ਤੋਂ ਖਾਦ ਦੀ ਖੁਰਾਕ ਨਾ ਦਿਓ ਜਿਹਨਾਂ ਨੂੰ
**ਪਿਛਲੇ ੫ ਦਿਨਾਂ ਦੌਰਾਨ** ਐਂਟੀਵਾਇਰਲ ਜਾਂ ਐਂਟੀਬਾਇਓਟਿਕ ਦਵਾਈ ਦਿੱਤੀ ਗਈ ਹੈ ।



**<ਖੁਰਾਕ ਦੇਣ ਤੋਂ 5 ਦਿਨ ਪਹਿਲਾ**

## ਖੁਰਾਕ ਪਾਉਣ ਦੇ ਕਦਮ*

**(OM7)**



**1.** ਖਾਦ ਨੂੰ **ਪਾਣੀ ਨਾਲ ਪਤਲਾ ਕਰੋ ।**


**2.** ਖਾਦ ਅਤੇ ਪਾਣੀ ਨੂੰ **ਮਿਲਾਓ ।**

**3.** ਮਿਸ਼ਰਣ **(ਘੋਲ)** ਨੂੰ 5 ਮਿੰਟ ਤੱਕ ਛੱਡ ਦਿਓ ।

**4.** ਤਰਦੀ ਹੋਈ ਸਮੱਗਰੀ ਨੂੰ **ਹਟਾਓ ।**

**5.** ਰਿਐਕਟਰ ਨੂੰ **ਖੁਰਾਕ** ਪਾਉ ।

**6.** ਪੱਥਰ ਅਤੇ ਰੇਤ ਵਰਗੀਆਂ ਵਸਤੂਆਂ ਨੂੰ ਵਾਰ–ਵਾਰ **ਹਟਾਓ ।**




*ਪਹਿਲੀ ਖੁਰਾਕ ਦੇ ਨਾਲ–ਨਾਲ ਰੋਜ਼ਾਨਾ ਦੀ ਖੁਰਾਕ ਲਈ ਵੀ ਲਾਗੂ ਹੁੰਦਾ ਹੈ ।

**ਰਿਐਕਟਰ ਦੇ ਭਰਣ/ ਫੁੱਲਣ ਦੀ ਉਡੀਕ ਕਰੋ**


**ਭਰਣ/ਫੁੱਲਣ ਦਾ ਸਮਾਂ:***

ਗਰਮ ਮੌਸਮ/ਸੀਜ਼ਨ ਵਿੱਚ **3 ਹਫ਼ਤਿਆਂ ਤੱਕ**

ਸ਼ਾਂਤ-ਸਮਸ਼ੀਲ ਮੌਸਮ/ਸੀਜ਼ਨ ਵਿੱਚ **3 ਹਫ਼ਤਿਆਂ ਤੋਂ 1.5 ਮਹੀਨੇ**

ਠੰਡੇ ਮੌਸਮ/ਸੀਜ਼ਨ ਵਿੱਕਕ **1.5 ਤੋਂ 2.5 ਮਹੀਨੇ**

*ਇਹ ਆਮ ਅਤੇ ਸਾਧਾਰਨ ਹੈ ਕਿ ਪਹਿਲੀ ਵਾਰ ਭਰਣ/ਫੁੱਲਣ ਤੋਂ ਬਾਅਦ ਬਾਇਓਗੈਸ ਹਲਕੀ ਨਹੀਂ ਹੁੰਦੀ: ਗੈਸ ਨੂੰ ਕੱਢ ਦਿਓ ਅਤੇ ਇਸਨੂੰ ਇੱਕ ਵਾਰ ਫਿਰ ਭਰਨ/ਫੁੱਲਣ ਦਿਓ।





ਨੋਟ: ਇੰਸਟਾਲ ਕਰਨ ਦੇ ਦਿਨ ਲਈ ਉਪਭੋਗਤਾ ਸਿਖਲਾਈ ਦਾ ਅੰਤ।

# ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ

SISTEMA.bio
CREATING VALUE FROM WASTE

## ਆਪਣੇ ਡਾਈਜੈਸਟਰ ਨੂੰ ਠੀਕ ਰੱਖੋ


**ਖੁਰਾਕ ਪਾਉਣਾ ।** ਆਪਣੇ ਡਾਇਜੈਸਟਰ ਨੂੰ ਹਰ ਦਿਨ 1 ਮਾਤਰਾ ਗਾਂ ਦਾ ਗੋਬਰ ਅਤੇ 2 ਮਾਤਰਾ ਪਾਣੀ ਨਾਲ ਖੁਰਾਕ ਦਿਓ ।



**ਰੋਜ਼ਾਨਾ** ਖੁਰਾਕ ਦੇਣਾ*

*ਪੰਨਾ 10 ਵਿੱਚ **ਖੁਰਾਕ ਪਾਉਣ ਦੇ ਕਦਮ** ਵੇਖੋ

(OM8)





**ਹਲਚਲ/ਹਿਲਾਉਣਾ** | **ਹਫ਼ਤੇ ਵਿੱਚ ਇੱਕ ਵਾਰ** ਹਿਲਾਉ | **ਨਾ** ਹਿਲਾਉ

(OM13)



**ਜੇਕਰ ਭਰਿਆ/ਫੁੱਲਿਆ ਨਹੀ ਹੈ**






**ਜੇਕਰ ਭਰਿਆ/ਫੁੱਲਿਆ ਹੈ**


1

ਰਿਐਕਟਰ ਨੂੰ ਨੁਕਸਾਨ ਪ ਹੁੰਚਾਉਣ ਤੋਂ ਬਚਣ ਲਈ ਜੁੱਤੀਆਂ ਵਿੱਚੋਂ ਕਿਸੇ ਵੀ ਤਿੱਖੀ ਵਸਤੂ ਨੂੰ ਹਟਾਓ




2

ਹਿਲਾਉਣਾ ਸ਼ੁਰੂ ਕਰਨ ਤੋਂ ਪਹਿਲਾਂ **ਕਾਊਂਟਰਵੇਟ** ਹਟਾਓ



3 ਆਪਣੇ ਬਾਇਓਡਾਈਜੈਸਟਰ ਦੇ ਕਿਨਾਰੇ ਤੇ ਹੌਲੀ–ਹੌਲੀ ਚੱਲ ਕੇ, ਆਪਣੇ ਸਾਰੇ ਭਾਰ ਨੂੰ ਇੱਕ ਲੱਤ ਤੋਂ ਦੂਜੀ ਲੱਤ ਵਿੱਚ ਤਬਦੀਲ ਕਰਦੇ ਹੋਏ ਹਿਲਾਉ ।

ਸੋਸਟੇਮਾ **6**



## ਮੇਮਬ੍ਰੇਨ ਦੇ ਨੁਕਸਾਨ ਦੀ ਮੁਰੰਮਤ


**1.** ਸਾਬਣ ਅਤੇ ਬੁਰਸ਼ ਨਾਲ **ਧੋਵੋ**




**2.** ਸਾਫ਼ ਪਾਣੀ **ਵਿੱਚੋਂ ਕੱਢੋ**




**3.** ਇਸ ਨੂੰ **ਸੁੱਕਣ** ਦਿਓ



**4.** ਬਿਊਟਾਇਲ ਟੇਪ ਦਾ **ਇੱਕ ਛੋਟਾ ਪੈਚ ਲਗਾਓ**



**5.** ਪਹਿਲੇ ਪੈਚ ਨੂੰ ਢੱਕ ਕੇ **ਇੱਕ ਵੱਡਾ ਲਗਾਓ**




## ਲੰਮੀ ਮਿਆਦ ਲਈ ਸਾਂਭ-ਸੰਭਾਲ

**CALENDAR**


ਹਰ **5 ਤੋਂ 7 ਸਾਲਾਂ** ਬਾਅਦ ਜਾਂ ਜਦੋਂ ਵੀ ਲੋੜ ਹੋਵੇ।

**ਸਿਸਟਮ ਨੂੰ ਫਲੱਸ਼** ਕਰਨ, **ਖਾਲੀ** ਕਰਨ ਅਤੇ **ਮੁੜ ਚਾਲੂ** ਕਰਨ ਦੀ ਲੋੜ ਹੋ ਸਕਦੀ ਹੈ ਜੇਕਰ:

• ਅੰਦਰ **ਠੋਸ ਪਦਾਰਥ ਇਕੱਠੇ** ਹੁੰਦੇ ਹਨ



• ਇਸਨੂੰ ਲੰਬੇ ਸਮੇਂ ਤੋਂ ਹਿਲਾਈਆ ਨਹੀਂ ਗਿਆ ਹੈ।



• ਲੋੜੀਂਦਾ ਪਾਣੀ ਨਹੀਂ ਪਾਇਆ ਗਿਆ ਹੈ। ਡਾਈਜੈਸਟਰ **ਪਾਣੀ ਨਾਲ ਪਤਲਾ ਨਾ** ਕਰਨ **ਦੀ ਸਥਿਤੀ ਵਿੱਚ ਭਾਰਾ ਹੋਵੇਗਾ** / **ਹਿਲਾਉਣਾ ਔ ਹੋਵੇਗਾ।**




## ਪ੍ਰਕਿਰਿਆ


**1.** ਕਾਊਟਰਵੇਟ ਦੀ ਵਰਤੋਂ ਕਰਕੇ ਡਾਇਜੈਸਟਰ ਨੂੰ **ਖਾਲੀ** ਕਰੋ। ਫਿਰ, ਬਾਕੀ ਬਚੀ ਬਾਇਓਗੈਸ ਨੂੰ ਸਾੜਨ ਲਈ ਬਾਇਓਸਟੋਵ ਦੇ ਸਾਰੇ ਬਰਨਰਾਂ ਦੀ ਵਰਤੋਂ ਕਰੋ।

**2.** ਡਾਈਜੈਸਟਰ ਨੂੰ ਜ਼ੋਰ ਨਾਲ **ਹਿਲਾਓ**।

**3.** 3” ਸਲਰੀ ਪੰਪ ਨਾਲ ਡਾਈਜੈਸਟਰ ਨੂੰ ਡੂੰਘਾਈ ਦੀ ਅੱਧੀ ਉਚਾਈ ਤੱਕ **ਖਾਲੀ** ਕਰੋ।

**4.** ਜੋਰ ਨਾਲ **ਹਿਲਾਉ**।





**5.** ਪਾਣੀ ਨਾਲ **ਦੁਬਾਰਾ ਭਰੋ**।


**6.** ਜੋਰ ਨਾਲ **ਹਿਲਾਉ**।

**7.** ਡਾਈਜੈਸਟਰ ਨੂੰ ਡੂੰਘਾਈ ਦੀ ਅੱਧੀ ਉਚਾਈ ਤੱਕ **ਖਾਲੀ** ਕਰੋ।

**8.** ਪਾਣੀ ਨਾਲ **ਦੁਬਾਰਾ ਭਰੋ**।

**9.** ਪਹਿਲੀ ਖੁਰਾਕ **ਪਾਉ**!




# ਬਾਇਓ ਗੈਸ ਦੀ ਵਰਤੋਂ

SISTEMA.bio
CREATING VALUE FROM WASTE


## ਤੁਹਾਡੇ ਦੁਆਰਾ ਪੈਦਾ ਕੀਤੀ ਊਰਜਾ ਦੀ ਵਰਤੋਂ ਕਰੋ ਅਤੇ ਆਪਣੀ ਬਾਇਓਗੈਸ ਲਾਈਨ ਦੀ ਸੰਭਾਲ ਕਰੋ!

**(OM9), (OM11), (OM12), (OM2), (OM3), (OM4)**

### ਪਹਿਲੀ ਬਾਇਓਗੈਸ ਫਲੇਮ/ਅੱਗ





**1.** ਵਾਲਵ ਨੂ **ਖੋਲੋ**





*ਜਦੋਂ ਲਾਗੂ ਹੋਵੇ, ਦਬਾਓ ਅਤੇ ਚਾਲੂ/ਬੰਦ ਕਰੋ

**2. ਹੈਂਡਲ ਨੂੰ ਘੁਮਾਓ ਅਤੇ ਬਾਇਓਗੈਸ ਨੂੰ ਬਾਹਰ ਜਾਣ ਦਿਓ (A)** ਜਦੋਂ ਤੁਸੀਂ ਇਸਨੂੰ ਮਾਚੀਸ ਨਾਲ ਅੱਗ ਲਗਾਉਣ ਦੀ ਕੋਸ਼ਿਸ਼ ਕਰਦੇ ਹੋ। ਇੱਕ ਵਾਰ ਜਲਣਸ਼ੀਲ **ਬਾਇਓਗੈਸ** ਬਰਨਰ **ਤੱਕ ਪਹੁੰਚ ਜਾਂਦੀ ਹੈ,** ਤਾਂ ਤੁਸੀਂ ਫਲੇਮ/ਅੱਗ ਦੇਖੋਗੇ (B). **ਪਹਿਲੀ ਫਲੇਮ/ਅੱਗ ਵਿੱਚ **ਇੱਕ ਮਿੰਟ** ਤੱਕ ਦਾ ਸਮਾਂ ਲੱਗ ਸਕਦਾ ਹੈ। ਬੰਦ ਕਰਨ ਲਈ, ਘੜੀ ਦੀ ਦਿਸ਼ਾ ਵਿੱਚ ਘੁੰਮਾਓ (ਈ)।

ਫਲੇਮ/ਅੱਗ ਨੂੰ ਬਹੁਤ ਵੱਡਾ ਨਾ ਹੋਣ ਦਿਓ।



ਤਵੇ ਦੇ ਹੇਠਲੇ ਹਿੱਸੇ ਨਾਲ ਫਲੇਮ/ਅੱਗ ਨੂੰ ਇਕਸਾਰ ਕਰੋ।



### ਕਾਊਂਟਰਵੇਟ ਦੀ ਵਰਤੋਂ ਕਰਕੇ ਆਪਣੀ ਫਲੇਮ/ਅੱਗ ਨੂੰ ਠੀਕ ਕਰੋ


ਕਿਸੇ ਵੀ ਤਿੱਖੀ ਵਸਤੂ ਦੀ ਵਰਤੋਂ ਨਾ ਕਰੋ ਜੋ ਰਿਐਕਟਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ।


**(TS5)**

ਰਿਐਕਟਰ ਦੇ ਸਿਰੇ ਤੇ ਇੱਕ ਕਾਊਂਟਰਵੇਟ ਰੱਖੋ।

**ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਿਰਫ਼ ਇੱਕ ਦੀ ਵਰਤੋਂ ਕਰੋ:**

a. ਬਾਇਓਕਾਊਂਟਰਵੇਟ
b. ਟਾਇਰ
c. ਰੇਤ ਦੀਆਂ ਬੋਰੀਆ



### ਬਰਨਰ ਦੀ ਸਫਾਈ ਕਰਨਾ


**CALENDAR**

ਲੋੜ ਦੇ ਆਧਾਰ ਤੇ ਹਰ **ਹਫ਼ਤੇ ਤੋਂ** ਹਰ **ਮਹੀਨੇ।**


**ਇਸਤੇਮਾਲ ਕਰੋ**

- ਬ੍ਰੇਸ਼
- ਨਿੰਬੂ ਦੇ ਰਸ ਨਾਲ ਪਾਣੀ
- ਸਾਬਣ ਵਾਲਾ ਪਾਣੀ


ਬਰਨਰ ਦੇ ਛੇਕਾਂ ਨੂੰ ਖੋਲ੍ਹਣ ਲਈ ਕੁੱਕਸਟੋਵ ਬਰਨਰ ਦੀ ਸਫਾਈ ਕਰੋ।



**(TS)**




## ਪ੍ਰੈਸ਼ਰ ਛੱਡਣ ਵਾਲਾ ਵਾਲਵ





ਪ੍ਰੈਸ਼ਰ ਛੱਡਣ ਵਾਲੇ ਵਾਲਵ ਨੂੰ **ਹਫ਼ਤੇ ਵਿੱਚ 2 ਵਾਰ** ਪਾਣੀ ਨਾਲ ਭਰੋ


(OM2), (O&M1)




ਭਰਿਆ ਹੋਇਆ ਪੀਆਰਵੀ: ਰਿਐਕਟਰ ਵਿੱਚ **ਗੈਸ ਸਟੋਰ** ਕੀਤੀ ਜਾਂਦੀ ਹੈ




ਖ਼ਾਲੀ ਪੀਆਰਵੀ: **ਗੈਸ ਨਿਕਲ** ਸਕਦੀ ਹੈ





## ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਦੀ ਜਾਂਚ




ਹਫ਼ਤੇ ਵਿੱਚ 2 ਵਾਰ


ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਭਰਿਆ ਹੈ:

1. ਬਾਇਓ ਗੈਸ ਵਾਲਵ ਨੂੰ **ਬੰਦ ਕਰੋ**
2. ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਨੂੰ **ਖਾਲੀ ਕਰੋ**
3. ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਨੂੰ **ਬੰਦ ਕਰੋ**
4. ਬਾਇਓ ਗੈਸ ਵਾਲਵ ਨੂੰ **ਖੋਲੋ**




(OM6)

## ਗੈਸ ਲਾਈਨ ਵਿੱਚ ਪਾਣੀ ਦਾ ਇਕੱਠਾ ਹੋਣਾ





ਹਰ ਰੋਜ਼


ਪਾਈਪ ਵਿੱਚ ਜਮ੍ਹਾ ਹੋਏ ਪਾਣੀ ਨੂੰ ਸਾਫ਼ ਕਰਨ ਲਈ ਜਾਂਚ ਕਰੋ ਅਤੇ ਇਸਨੂੰ ਨਿਯਮਿਤ ਤੌਰ ਤੇ ਚੁੱਕ ਕੇ ਖਾਲੀ ਕਰੋ।

ਇਕੱਠੇ ਹੋਏ ਪਾਣੀ ਦੇ ਕਾਰਨ ਬਾਇਓਗੈਸ ਦਾ ਪ੍ਰਵਾਹ ਰੁੱਕ ਜਾਵੇਗਾ।

(TS1)



## ਫਿਲਟਰ ਬਦਲਣਾ




**ਹਰ 2 ਹਫ਼ਤਿਆਂ ਬਾਅਦ**

**(OM5)**

ਫਿਲਟਰ ਵਿੱਚ **ਲੋਹੇ ਦੀ ਚਾਦਰ (ਲੋਹੇ ਦੀ ਉੱਨ)** ਨੂੰ ਬਦਲਣ ਦੀ ਲੋੜ ਹੈ ਲਈ ਸੂਚਕ:


- ਰਸੋਈ ਵਿੱਚ **ਬਾਇਓਗੈਸ ਦਾ ਘੱਟ** ਪ੍ਰਵਾਹ,
- ਬਾਇਓਗੈਸ ਵਿਚ **ਗੰਦੀ ਬਦਬੂ** ਆਉਣੀ,
- ਫਿਲਟਰ ਵਿੱਚੋਂ **ਕਾਲਾ ਪਾਣੀ** ਨਿਕਲ ਰਿਹਾ ਹੈ ।


**ਲੋਹੇ ਦੀ ਚਾਦਰ (ਲੋਹੇ ਦੀ ਉੱਨ)** ਕੀ ਅੱਖਾਂ ਨਾਲ ਨਿਰੀਖਣ ਤੇ:

- ਕੀ ਇਹ ਗੁੰਮ ਹੈ/ਖਪਤ ਹੋ ਗਈ ਹੈ?
- ਬਹੁਤ ਗੂੜ੍ਹਾ ਅਤੇ ਮੋਟਾ।


$

**ਲੋਹੇ ਦੀ ਚਾਦਰ (ਲੋਹੇ ਦੀ ਉੱਨ)** ਨੂੰ ਸਥਾਨਕ ਤੌਰ ਤੇ ਖਰੀਦਿਆ ਜਾ ਸਕਦਾ ਹੈ







**1** ਬਾਇਓ ਗੈਸ ਵਾਲਵ **ਬੰਦ ਕਰੋ**



**2** ਫਿਲਟਰ ਨੂੰ **ਖੋਲ੍ਹੋ**





**3** **ਲੋਹੇ ਦੀ ਚਾਦਰ (ਲੋਹੇ ਦੀ ਉੱਨ)** ਨੂੰ **ਬਾਹਰ ਕੱਢੋ**




**4** **ਬਦਲੋ । ਫਿਲਟਰ ਨੂੰ ਜਿਆਦਾ ਨਾ ਭਰੋ ਕਿਉਂਕਿ** ਇਹ ਗੈਸ ਨੂੰ ਰੋਕ ਸਕਦਾ ਹੈ

**5** ਫਿਲਟਰ ਨੂੰ ਬੰਦ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਰਬੜ **ਦੀ ਗੈਸਕੇਟ ਸਾਫ਼** ਹੈ ਅਤੇ ਚੰਗੀ ਤਰ੍ਹਾਂ ਰੱਖੀ ਗਈ ਹੈ





**6** ਫਿਲਟਰ ਨੂੰ **ਬੰਦ ਕਰੋ**



**7** ਬਾਇਓਗੈਸ ਵਾਲਵ ਨੂੰ **ਖੋਲੋ**


## ਗੈਸ ਲਾਈਨ ਲੀਕ ਨਿਰੀਖਣ






**ਜਦੋਂ ਡਾਇਜੈਸਟਰ ਭਰਿਆ/ਫੁੱਲਿਆ** ਹੋਈਆ ਹੈ ਤਾਂ ਹਰ **ਗੈਸ ਲਾਈਨ ਕਨੈਕਸ਼ਨ** (ਫਿਲਟਰ, ਵਾਲਵ, ਪਾਈਪ ਅਤੇ ਫਿਟਿੰਗਸ) ਤੇ ਸਾਬਣ ਵਾਲੇ ਪਾਣੀ ਨੂੰ ਵਰਤੋਂ ਬੁਲਬਲੇ (ਲੀਕ) ਦੀ ਜਾਂਚ ਕਰਨ ਲਈ ਕਰੋ ।

ਯਕੀਨੀ ਬਣਾਓ ਕਿ ਤੁਹਾਡਾ **ਆਈਸੋਲੇਸ਼ਨ ਵਾਲਵ ਖੁੱਲ੍ਹਾ ਹੈ!**




SISTEMA.bio
CREATING VALUE FROM WASTE

## ਬੀਜਣ ਤੋਂ ਪਹਿਲਾਂ ਮਿੱਟੀ ਦੀ ਤਿਆਰੀ:

ਹਰ ਵਰਗ **ਮੀਟਰ** (ਜਾਂ ਹਰ ਕਦਮ) ਲਈ **20 ਲੀਟਰ ਤੱਕ ਬਾਇਓਫਰਟੀਲਾਈਜ਼ਰ ਲਗਾਓ,** ਮਿੱਟੀ ਨੂੰ ਬਾਇਓਫਰਟੀਲਾਈਜ਼ਰ ਨਾਲ ਮਿਲਾਓ।

ਲਗਾਉਣ ਤੋਂ ਪਹਿਲਾਂ ਮਿੱਟੀ ਨੂੰ ਘੱਟੋ-ਘੱਟ **2** ਦਿਨ ਤੱਕ ਉੰਞ ਹੀ ਰਹਿਣ ਦਿਓ (ਕਦ 3 ਅਤੇ 4 ਦੇ ਵਿਚਕਾਰ)।





## ਫਸਲ ਅਤੇ ਸਬਜ਼ੀਆਂ ਦੀ ਖਾਦ


**ਖੁਸ਼ਕ ਮੌਸਮ ਦੇ ਦੌਰਾਨ,** ਬਾਇਓਫਰਟੀਲਾਈਜ਼ਰ ਦੇ 1 ਹਿੱਸੇ ਨੂੰ ਪਾਣੀ ਦੇ 1 ਹਿੱਸੇ ਨਾਲ ਪਤਲਾ ਕਰੋ। ਬਰਸਾਤ ਦੇ ਮੌਸਮ ਵਿੱਚ ਪਾਣੀ ਨਾਲ ਪਤਲਾ ਕਰਨ ਦੀ ਕੋਈ ਲੋੜ ਨਹੀਂ।

**ਪਾਣੀ ਨਾਲ ਪਤਲਾ ਕਰਨ ਦੇ ਨਾਲ:** ਹਰ ਵਰਗ ਮੀਟਰ (ਜਾਂ ਹਰ ਕਦਮ) ਲਈ 2 ਤੋਂ 10 ਲੀਟਰ ਮਿਸ਼ਰਣ ਪਾਉ।

**ਪਾਣੀ ਨਾਲ ਪਤਲਾ ਨਾ ਕਰਨ ਦੇ ਨਾਲ:** ਹਰ ਵਰਗ ਮੀਟਰ (ਜਾਂ ਹਰ ਕਦਮ) ਲਈ 1 ਤੋਂ 5 ਲੀਟਰ ਬਾਇਓਫਰਟੀਲਾਈਜ਼ਰ ਪਾਓ।




## ਬਾਇਓਫਰਟੀਲਾਈਜ਼ਰ ਦੀ ਇਕਸਾਰਤਾ




ਪਹਿਲੇ 2 ਮਹੀਨਿਆਂ ਦੌਰਾਨ, ਬਾਇਓਫਰਟੀਲਾਈਜ਼ਰ:
- ਬਹੁਤ ਤਰਲ ਅਤੇ ਪਾਣੀ ਵਰਗਾ ਹੁੰਦਾ ਹੈ
- ਬਦਬੂਦਾਰ ਹੋ ਸਕਦਾ ਹੈ
- ਮੱਛਰਾਂ ਨੂੰ ਆਕਰਸ਼ਿਤ ਕਰ ਸਕਦਾ ਹੈ


ਬਾਇਓਫਰਟੀਲਾਈਜ਼ਰ ਸਮੇਂ ਦੇ ਨਾਲ **ਸੰਘਣਾ** ਹੋ ਜਾਵੇਗਾ

# ਬਾਇਓਡਾਈਜੈਸਟਰ ਤੋਂ ਵੱਧ ਤੋਂ ਵੱਧ ਪ੍ਰਾਪਤ ਕਰੋ


SISTEMA.bio
CREATING VALUE FROM WASTE

## ਖੁਰਾਕ ਦੀ ਨਿਯਮਤਤਾ


**ਅਨਿਯਮਿਤ ਖੁਰਾਕ:**
- ਡਾਇਜੈਸਟਰ ਨੂੰ ਖੁਰਾਕ ਦੀ ਲੋੜ ਹੈ
- ਛੋਟੀ ਫਲੇਮ/ਅੱਗ





**ਜਿਆਦਾ ਖੁਰਾ ਪਾਉਣਾ:**
- ਡਾਇਜੈਸਟਰ $CO_2$ ਨਾਲ ਬਹੁਤ ਜ਼ਿਆਦਾ ਭਰਿਆ ਹੋਇਆ ਹੈ ਅਤੇ $CH_4$ ਦੀ ਘਾਟ ਹੈ
- ਕੋਈ ਫਲੇਮ/ਅੱਗ ਨਹੀਂ ਹੈ





**ਸਹੀ ਖੁਰਾਕ ਦੇਣਾ:**
- ਡਾਇਜੈਸਟਰ ਚੰਗਾ ਹੈ
- ਬਹੁਤ ਚੰਗੀ ਫਲੇਮ/ਅੱਗ




## ਸੁੱਕਾ ਗੋਬਰ






**1. ਖੁਰਾਕ ਦੇਣ ਤੋਂ ਇੱਕ ਦਿਨ ਪਹਿਲਾਂ:** ਇੱਕ ਬਾਲਟੀ ਵਿੱਚ ਸੁੱਕੇ ਗੋਬਰ ਦੀ 1 ਮਾਤਰਾ ਨੂੰ ਗਿੱਲਾ ਕਰੋ, ਫਿਰ ਗਿੱਲੇ ਗੋਬਰ ਦੀ ਇਕਸਾਰਤਾ ਬਣਾਉਣ ਲਈ ਉੱਪਰੋਂ ਪਾਣੀ ਪਾਓ।



**2.** ਖੁਰਾਕ ਦੇਣ ਦੇ ਦੇ ਦੌਰਾਨ, ਆਮ **ਪਾਣੀ ਨਾਲ ਪਤਲਾ ਕਰੋ** (1 ਮਾਤਰਾ ਪਾਣੀ ਦੇ ਨਾਲ ਗੋਬਰ ਦੀ 1 ਮਾਤਰਾ)।

## ਤਾਪਮਾਨ ਅਤੇ ਬਾਇਓਡੀਜੇਸਟਰ ਉਤਪਾਦਕਤਾ


| | | |
|---|---|---|
| ਮੌਸਮ ਜਿੰਨਾ **ਠੰਡਾ** ਹੋਵੇਗਾ, ਬਾਇਓਗੈਸ ਦਾ ਉਤਪਾਦਨ **ਹੋਲੀ ਅਤੇ ਘੱਟ** ਹੋਵੇਗਾ। | <15º |  ਹੌਲੀ ਅਤੇ ਘੱਟ ਉਤਪਾਦਨ |
| **ਗਰਮੀ ਦੇ ਦੌਰਾਨ,** ਬੈਕਟੀਰੀਆ ਤੇਜ਼ੀ ਨਾਲ ਬਾਇਓਗੈਸ ਦਾ ਬਣਾਉਣਗੇ। | >20º |  ਤੇਜ਼ ਅਤੇ ਜਿਆਦਾ ਉਤਪਾਦਨ |



## ਬਾਇਓਫਰਟੀਲਾਈਜ਼ਰ ਮੁੜ-ਸਥਾਪਿਤ ਕਰਨਾ

ਇਹ ਠੰਡੇ ਖੇਤਰਾਂ/ਮੌਸਮਾਂ ਵਿੱਚ ਰਿਐਕਟਰ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਦਾ ਹੈ ਅਤੇ ਪਾਣੀ ਦੀ ਖਪਤ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।


ਰੋਜ਼ਾਨਾ ਮੁੜ-ਸਥਾਪਿਤ ਕਰੋ:




**ਬਾਇਓਫਰਟੀਲਾਈਜ਼ਰ** ਦੀ 1 ਮਾਤਰਾ (ਘੱਟ ਸਖਤ ਸਮੱਗਰੀ ਦੇ ਨਾਲ) + **ਖਾਦ** ਦੀ 1 ਮਾਤਰਾ + **ਪਾਣੀ** ਦੀ 1 ਮਾਤਰਾ

## ਆਪਣੀ ਬਾਇਓਗੈਸ ਨੂੰ ਨਿਕਲਣ ਨਾ ਦਿਓ

**(TS10)**




ਜੇਕਰ ਤੁਹਾਡਾ ਬਾਇਓਡਾਈਜੈਸਟਰ **ਭਰਿਆ/ਫੁੱਲਿਆ** ਹੋਇਆ ਹੈ ਅਤੇ **ਪੀਆਰਵੀ ਵਿੱਚ ਬੁਲਬੁਲੇ** ਹਨ:






- ਆਪਣੀ ਗੈਸ ਨੂੰ **ਜਲਾਉ**






ਜਾਂ

- ਖੁਰਾਕ ਨੂੰ **ਘੱਟ** ਕਰੋ



### ਜਾਨਵਰਾਂ ਦੀ ਖੁਰਾਕ

ਜੇ ਤੁਹਾਡੀਆਂ ਗਾਵਾਂ ਨੂੰ ਭਰਪੂਰ ਭੋਜਨ ਪੂਰਕ ਮਿਲਦਾ ਹੈ, ਤਾਂ ਗੋਬਰ ਬਹੁਤ ਚੰਗਾ ਹੋ ਵੇਗਾ, ਜਿਸ ਨਾਲ ਡਾਇਜੈਸਟਰ ਵਿੱਚ ਐਸੀਡਿਟੀ ਵਧੇਗੀ। ਜੇ ਅਜਿਹਾ ਪੂਰਕ ਹੋ ਰਿਹਾ ਹੈ ਤਾਂ ਖੁਰਾਕ ਨੂੰ ਥੋੜ੍ਹਾ ਘਟਾਓ!




# ਸਪੇਅਰ ਪਾਰਟਸ


**ਲੋਹੇ ਦੀ ਚਾਦਰ (ਲੋਹੇ ਦੀ ਉੱਨ) ਬਦਲਣਾ: ਹਰ 2 ਹਫ਼ਤਿਆਂ ਤੋਂ ਲੈ ਕੇ ਇੱਕ ਮਹੀਨੇ ਵਿੱਚ ਲਗਭਗ ਇੱਕ ਵਾਰ**। ਸਥਾਨਕ ਤੌਰ ਤੇ ਖਰੀਦਿਆ ਜਾ ਸਕਦਾ ਹੈ।



**ਪਾਰਦਰਸ਼ੀ ਲਚਕਦਾਰ ਪਾਈਪ ਬਦਲਣਾ**: ਲਗਭਗ ਹਰ **2 ਤੋਂ 3 ਸਾਲਾਂ** ਵਿੱਚ। ਸਿਸਟੇਮਾ ਬਾਇਓ ਨਾਲ ਸੰਪਰਕ ਕਰੋ ਜੇਕਰ ਤੁਹਾਨੂੰ ਬਦਲਣ ਦੀ ਲੋੜ ਹੈ।



ਜਦੋਂ ਬਾਹਰੀ ਨੁਕਸਾਨ ਹੁੰਦਾ ਹੈ ਤਾਂ ਅਸਥਾਈ ਮੈਮਬ੍ਰੇਨ ਦੀ ਮੁਰੰਮਤ ਲਈ **ਬੂਟਾਈਲ ਟੇਪ**।




# ਮੁੱਢਲੀ ਸਮੱਸਿਆ-ਨਿਪਟਾਰਾ

SISTEMA.bio
CREATING VALUE FROM WASTE

**ਮੁੱਦਾ:**

- ਮੇਰੇ ਕੋਲ ਖਾਣਾ ਬਣਾਉਣ ਲਈ ਲੋੜੀਂਦੀ ਬਾਇਓਗੈਸ ਨਹੀਂ ਹੈ
- ਮੇਰੇ ਬਾਇਓਸਟੋਵ ਵਿੱਚ ਬਾਇਓਗੈਸ ਨਹੀਂ ਹੈ, ਅਤੇ ਮੇਰਾ ਡਾਇਜੈਸਟਰ ਖਾਲੀ ਹੈ!



**• ਕੀ ਇਨਲੇਟ ਅਤੇ ਆਊਟਲੈਟ ਪਾਈਪਾਂ ਵਿੱਚ ਕਾਫ਼ੀ ਪਾਣੀ ਹੈ?**
ਯਕੀਨੀ ਬਣਾਓ ਕਿ ਉਹ ਭਰੇ ਹੋਏ ਹਨ ਤਾਂ ਜੋ ਬਾਇਓ ਗੈਸ ਬਾਹਰ ਨਾ ਨਿਕਲ ਸਕੇ। ਪੰਨਾ 10 ਤੇ ਭਾਗ **"ਬਾਇਓਡਾਈਜੈਸਟਰ ਸਟਾਰਟਅੱਪ"** ਰਿਐਕਟਰ ਨੂੰ ਪਾਣੀ ਨਾਲ ਭਰੋ ਜਦੋਂ ਤੱਕ ਪਾਣੀ ਇਨਲੇਟ ਅਤੇ ਆਊਟਲੇਟ ਮੋੜ ਤੱਕ ਨਹੀਂ ਪਹੁੰਚਦਾ ਹੈ ਵੇਖੋ। ਵੀਡੀਓ: I3, I5.

**• ਕੀ ਤੁਸੀਂ ਆਪਣੀ ਪਹਿਲੀ ਖੁਰਾਕ ਨੂੰ ਦੇਣਾ ਪੂਰਾ ਕਰ ਲਿਆ ਹੈ?**
ਪੰਨਾ 11 ਤੇ ਭਾਗ **"ਬਾਇਓਡਾਈਜੈਸਟਰ ਸਟਾਰਟਅੱਪ"**, ਪਹਿਲੀ ਖੁਰਾਕ ਵੇਖੋ। ਵੀਡੀਓ: OM7.

**• ਕੀ ਪਹਿਲੀ ਖੁਰਾਕ ਤੋਂ ਬਾਅਦ ਕਾਫ਼ੀ ਸਮਾਂ ਲੰਘ ਗਿਆ ਹੈ?**
ਪੰਨਾ 13 ਤੇ ਭਾਗ **"ਬਾਇਓਡਾਈਜੈਸਟਰ ਸਟਾਰਟਅੱਪ"**, ਰਿਐਕਟਰ ਦੇ ਭਰਨ/ਫੁੱਲਣ ਦੀ ਉਡੀਕ ਕਰੋ ਨੂੰ ਵੇਖੋ।

**• ਕੀ ਤੁਸੀਂ ਖੁਰਾਕ ਦੇਣ ਦੀਆਂ ਹਿਦਾਇਤਾਂ ਦੀ ਪਾਲਣਾ ਕਰ ਰਹੇ ਹੋ?**
ਪੰਨਾ 14 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", ਆਪਣੇ ਡਾਇਜੈਸਟਰ ਨੂੰ ਠੀਕ ਰੱਖੋ ਅਤੇ ਪੰਨਾ 21 ਤੇ "**ਬਾਇਓਡਾਈਜੈਸਟਰ ਦੇ ਵੱਧ ਤੋਂ ਵੱਧ ਪ੍ਰਾਪਤ ਕਰੋ**", ਖੁਰਾਕ ਦੀ ਨਿਯਮਤਤਾ ਵੇਖੋ। ਵੀਡੀਓ: OM7, OM8.

**• ਕੀ ਤੁਹਾਡਾ ਪ੍ਰੈਸ਼ਰ ਛੱਡਣ ਵਾਲਾ ਵਾਲਵ ਪਾਣੀ ਨਾਲ ਭਰਿਆ ਹੋਇਆ ਹੈ?**
ਪੰਨਾ 18 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", ਪ੍ਰੈਸ਼ਰ ਛੱਡਣ ਵਾਲਾ ਵਾਲਵ ਵੇਖੋ। ਵੀਡੀਓ: OM2, O&M1.

**• ਕੀ ਬਾਇਓ ਸਟੋਵ ਵਾਲਵ, ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਜਾਂ ਬਾਇਓਗੈਸ ਫਿਲਟਰ ਖੁੱਲ੍ਹੇ ਰਹਿ ਗਏ ਸਨ?**
ਉਹਨਾਂ ਨੂੰ ਬੰਦ ਕਰੋ! ਪੰਨਾ 17 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", ਪਹਿਲੀ ਬਾਇਓਗੈਸ ਫਲੇਮ/ਅੱਗ, ਪੰਨਾ 18 ਤੇ "ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਦੀ ਜਾਂਚ ਕਰੋ" ਅਤੇ ਪੰਨਾ 19 ਤੇ "ਫਿਲਟਰ ਬਦਲਾਉਣਾ" ਭਾਗ ਵੇਖੋ। ਵੀਡੀਓ: OM6, TS12, OM5.

**• ਕੀ ਲੀਕ ਹੋ ਰਿਹਾ ਹੈ?**
ਪੰਨਾ 19 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਗੈਸ ਲਾਈਨ ਲੀਕ ਹੋਣ ਦੀ ਜਾਂਚ" ਨੂੰ ਵੇਖੋ।


**• ਠੰਡਾ ਮੌਸਮ, ਬਰਸਾਤ ਦਾ ਮੌਸਮ?**
ਤੁਸੀਂ ਠੰਡੇ ਮੌਸਮਾਂ ਦੌਰਾਨ ਬਾਇਓਡਾਈਜੈਸਟਰ ਉਤਪਾਦਕਤਾ ਨੂੰ ਬਿਹਤਰ ਬਣਾਉਣ ਲਈ ਆਪਣੇ ਬਾਇਓਫਰਟੀਲਾਈਜ਼ਰ ਦਾ ਮੁੜ-ਨਿਰਮਾਣ ਕਰ ਸਕਦੇ ਹੋ। ਪੰਨਾ 22 ਤੇ ਭਾਗ "**ਬਾਇਓਡਾਈਜੈਸਟਰ ਦੇ ਵੱਧ ਤੋਂ ਵੱਧ ਪ੍ਰਾਪਤ ਕਰੋ**", "ਤਾਪਮਾਨ ਅਤੇ ਬਾਇਓਡੀਜੇਸਟਰ ਉਤਪਾਦਕਤਾ" ਨੂੰ ਵੇਖੋ।

**• ਕੀ ਬਰਨਰ ਅਤੇ ਬਾਇਓਸਟੋਵ ਵੱਖ-ਵੱਖ ਕਮਰਿਆਂ ਵਿੱਚ ਲਗਾਏ ਗਏ ਹਨ?**
ਜਾਂਚ ਕਰੋ ਜੇਕਰ ਕੋਈ ਹੋਰ ਬਾਇਓਗੈਸ ਵਰਤ ਰਿਹਾ ਹੈ!

**ਜੇਕਰ ਤੁਹਾਡੇ ਬਾਇਓਗੈਸ ਦੀ ਉਤਪਾਦਨ ਅਜੇ ਵੀ ਘੱਟ ਹੈ:** ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਮੇਰੇ ਬਾਇਓਸਟੋਵ ਵਿੱਚ ਬਾਇਓਗੈਸ ਨਹੀਂ ਹੈ ਜਾਂ ਇਹ ਜੱਗ ਨਹੀਂ ਰਹੀ ਹੈ, ਅਤੇ ਮੇਰਾ ਡਾਇਜੈਸਟਰ ਭਰੀਆ/ਫੁੱਲਿਆ ਹੋਇਆ ਹੈ!



**• ਕੀ ਤੁਸੀਂ ਆਪਣੇ ਡਾਇਜੈਸਟਰ ਤੇ ਕਾਊਂਟਰਵੇਟ ਰੱਖਿਆ ਹੈ?**
ਪੰਨਾ 17 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਕਾਊਂਟਰਵੇਟ ਦੀ ਵਰਤੋਂ ਕਰਦੇ ਹੋਏ ਆਪਣੀ ਫਲੇਮ/ਅੱਗ ਨੂੰ ਠੀਕ ਕਰੋ" ਵੇਖੋ। ਵੀਡੀਓ: TS5.

**• ਕੀ ਗੈਸ ਵਾਲਵ ਬੰਦ ਸਨ?**
ਉਹਨਾਂ ਨੂੰ ਖੋਲ੍ਹੋ! ਪੰਨਾ 17 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**" "ਤੁਹਾਡੇ ਦੁਆਰਾ ਪੈਦਾ ਕੀਤੀ ਊਰਜਾ ਦੀ ਵਰਤੋਂ ਕਰੋ" ਅਤੇ ਆਪ ਣੀ ਬਾਇਓਗੈਸ ਲਾਈਨ ਦੀ ਸੰਭਾਲ ਕਰੋ ਨੂੰ ਵੇਖੋ। ਵੀਡੀਓ: OM3, OM3bis, OM4.

**• ਕੀ ਤੁਸੀਂ ਨਿਯਮਿਤ ਤੌਰ ਤੇ ਆਪਣੇ ਵਾਟਰ ਟ੍ਰੈਪ (ਪਾਣੀ ਦੇ ਟ੍ਰੈਪ) ਖਾਲੀ ਕਰ ਰਹੇ ਹੋ?**
ਪੰਨਾ 18 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਵਾਟਰ ਟ੍ਰੈਪ (ਪਾਣੀ ਦੇ ਟ੍ਰੈਪ) ਦੀ ਜਾਂਚ" ਵੇਖੋ। ਵੀਡੀਓ: TS3.

**• ਕੀ ਤੁਹਾਡੀ ਬਾਇਓਗੈਸ ਲਾਈਨ ਘੱਟ ਹੋ ਰਹੀ ਹੈ?**
ਬਾਇਓਗੈਸ ਲਾਈਨ ਦੇ ਹੇਠਲੇ ਬਿੰਦੂਆਂ ਵਿੱਚ, ਪਾਣੀ ਇਕੱਠਾ ਹੋ ਸਕਦਾ ਹੈ ਅਤੇ ਬਾਇਓਗੈਸ ਨੂੰ ਵਹਿਣ ਤੋਂ ਰੋਕ ਸਕਦਾ ਹੈ! ਇਕੱਠੇ ਹੋਏ ਪਾਣੀ ਨੂੰ ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਜਾਂ ਪੀਆਰਵੀ ਵੱਲ ਮੋੜਨ ਲਈ ਗੈਸ ਲਾਈਨ ਨੂੰ ਉੱਚਾ ਕਰੋ। ਪੰਨਾ 18 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਗੈਸ ਲਾਈਨ ਵਿੱਚ ਪਾਣੀ ਇਕੱਠਾ ਹੋਣਾ" ਨੂੰ ਵੇਖੋ। ਵੀਡੀਓ: TS1, TS6.

**• ਕੀ ਬਾਇਓਗੈਸ ਫਿਲਟਰ ਵਿੱਚ ਲੋਹੇ ਦੀ ਚਾਦਰ (ਲੋਹੇ ਦੀ ਉੱਨ) ਬਾਇਓ ਗੈਸ ਦੇ ਪ੍ਰਵਾਹ ਨੂੰ ਰੋਕ ਰਹੀ ਹੈ?**
ਫਿਲਟਰ ਖੋਲ੍ਹੋ ਅਤੇ ਲੋਹੇ ਦੀ ਚਾਦਰ (ਲੋਹੇ ਦੀ ਉੱਨ) ਨੂੰ ਬਾਹਰ ਕੱਢੋ। ਇਹ ਯਕੀਨੀ ਬਣਾਉਣ ਲਈ ਇੱਕ ਸੋਟੀ ਦੀ ਵਰਤੋਂ ਕਰੋ ਕਿ ਅੰਦਰ ਕੋਈ ਪੁਰਾਣੀ ਲੋਹੇ ਦੀ ਚਾਦਰ (ਲੋਹੇ ਦੀ ਉੱਨ) ਨਹੀਂ ਹੈ। ਆਪਣੇ ਬਾਇਓਸਟੋਵ ਤੇ ਗੈਸ ਨੂੰ ਜਲਾਉਣ ਦੀ ਕੋਸਿਸ ਕਰੋ! ਪੰਨਾ 19 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਫਿਲਟਰ ਬਦਲਣਾ" ਵੇਖੋ। ਵੀਡੀਓ: OM5.

**• ਕੀ ਗੈਸ ਲਾਈਨ ਕਿਸੇ ਥਾਂ ਤੇ ਫੋਲਡ ਹੋ ਰਹੀ ਹੈ?**
ਆਪਣੀ ਗੈਸ ਲਾਈਨ ਦਾ ਮੁਆਇਨਾ ਕਰੋ ਅਤੇ ਯਕੀਨੀ ਬਣਾਓ ਕਿ ਕਿਸੇ ਜਗਾਂ ਤੇ ਬਲਾਕ ਨਾ ਹੋਵੇ।


**• ਜੇਕਰ 2 ਬਾਇਓਸਟੋਵ ਬਰਨਰਾਂ ਵਿੱਚੋਂ ਸਿਰਫ਼ 1 ਵਿੱਚ ਫਲੇਮ/ਅੱਗ ਨਹੀਂ ਹੈ,** ਤਾਂ ਬਰਨਰ ਵਾਲਵ ਬਲੌਕ ਹੋ ਸਕਦਾ ਹੈ। ਆਪਣੇ ਤਕਨੀਸ਼ੀਅਨ ਨੂੰ ਕਾਲ ਕਰੋ!

**• ਕੀ ਤੁਸੀਂ ਆਪਣੇ ਡਾਇਜੈਸਟਰ ਨੂੰ ਜ਼ਿਆਦਾ ਖੁਰਾਕ ਦੇ ਰਹੇ ਹੋ?**
ਪੰਨਾ 21 ਤੇ ਭਾਗ "**ਬਾਇਓਡਾਈਜੈਸਟਰ ਤੋਂ ਵੱਧ ਤੋਂ ਵੱਧ ਪ੍ਰਾਪਤ ਕਰੋ**", "ਖੁਰਾਕ ਦੀ ਨਿਯਮਤਤਾ" ਵੇਖੋ। ਕੈਲੀਬਰੇਟਡ pH ਮੀਟਰ (ਕਿਰਪਾ ਕਰਕੇ pH ਮੀਟਰ ਕੈਲੀਬ੍ਰੇਸ਼ਨ ਹਿਦਾਇਤਾਂ ਦੀ ਪਾਲਣਾ ਕਰੋ) ਦੀ ਵਰਤੋਂ ਕਰਦੇ ਹੋਏ ਆਪਣੇ ਆਊਟਲੈਟ ਪ ਈਪ ਤੋਂ ਬਾਇਓਫਰਟੀਲਾਈਜ਼ਰ ਦੇ pH ਨੂੰ ਮਾਪੋ। ਜੇਕਰ ਬਾਇਓਫਰਟੀਲਾਈਜ਼ਰ ਦਾ pH ਪੱਧਰ ਘੱਟ ਹੈ ਅਤੇ ਤੁਸੀਂ ਆਪਣੇ ਡਾਇਜੈਸਟਰ ਨੂੰ ਖੁਰਾਕ ਦਿੰਦੇ ਰਹਿੰਦੇ ਹੋ, ਤਾਂ ਇਹ ਬੈਕਟੀਰੀਆ ਨੂੰ ਬਾਇਓਗੈਸ ਪੈਦਾ ਕਰਨ ਤੋਂ ਰੋਕ ਸਕਦਾ ਹੈ: ਬਹੁਤ ਜ਼ਿਆਦਾ ਕਾਰਬਨ ਡਾਈਆਕਸਾਈਡ ਅਤੇ ਕਾਫ਼ੀ ਮੀਥੇਨ ਨਹੀਂ ਹੈ।

**ਜੇਕਰ ਤੁਹਾਡੇ ਬਾਇਓਗੈਸ ਦੀ ਉਤਪਾਦਨ ਅਜੇ ਵੀ ਘੱਟ ਹੈ:** ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਮਾਮੂਲੀ ਤੇਜ਼ਾਬੀਕਰਨ:
**pH 6 ਤੋਂ 6.5**




**1.** ਰਿਐਕਟਰ ਨੂੰ **ਖੁਰਾਕ ਦੇਣਾ ਬੰਦ ਕਰੋ** ਅਤੇ ਪ੍ਰੈਸ਼ਰ ਛੱਡਣ ਵਾਲੇ ਵਾਲਵ ਰਾਹੀਂ ਬਾਇਓਗੈਸ ਦੇ ਡਾਇਜੈਸਟਰ ਨੂੰ **ਖਾਲੀ** ਕਰੋ।

**2. ਡਾਇਜੈਸਟਰ** ਨੂੰ ਚੰਗੀ ਤਰ੍ਹਾਂ ਹਿਲਾਓ। ਵੀਡੀਓ: OM13.

**3.** ਇਸਨੂੰ 3 ਦਿਨਾਂ ਲਈ ਜਾਂ ਜਦੋਂ ਤੱਕ ਇਹ ਭਰ/ਫੁੱਲ ਨਹੀਂ ਜਾਂਦਾ ਉਦੋਂ ਤੱਕ ਉਂਝ ਹੀ ਰਹਿਣ ਦਿਓ।


**4.** ਬਾਇਓਗੈਸ ਸਟੋਵ ਨੂੰ ਜਲਾਉਣ ਦੀ ਕੋਸ਼ਿਸ਼ ਕਰੋ।

**5.** ਜੇ ਗੈਸ ਨਹੀਂ ਬਲਦੀ, **ਤਾਂ ਕਦਮ 1 ਤੋਂ ਦੁਹਰਾਓ।**

**ਜੇਕਰ ਤੁਹਾਡੀ ਬਾਇਓਗੈਸ ਅਜੇ ਵੀ ਨਹੀ ਬਲਦੀ ਹੈ:** ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਮਜ਼ਬੂਤ ਤੇਜ਼ਾਬੀਕਰਨ:
**pH 4.5 ਤੋਂ 6**




**1.** ਰਿਐਕਟਰ ਨੂੰ ਖੁਰਾਕ ਦੇਣਾ **ਬੰਦ ਕਰੋ** ਅਤੇ ਸਾਰੀ ਬਾਇਓਗੈਸ ਕੱਢ ਦਿਓ।

**2.** ਡਾਇਜੈਸਟਰ ਨੂੰ ਚੰਗੀ ਤਰ੍ਹਾਂ ਹਿਲਾਓ। ਵੀਡੀਓ: OM13.

**3.** ਘੱਟ ਤੋਂ ਘੱਟ ਅੱਧਾ ਡਾਇਜੈਸਟਰ **ਖਾਲੀ** ਕਰੋ।

**4.** ਡਾਇਜੈਸਟਰ ਨੂੰ ਹੇਠ ਦਿੱਤੇ ਨਾਲ ਭਰੋ:
A) ਚਲਦੇ ਡਾਇਜੈਸਟਰ ਤੋਂ ਵੱਧ ਤੋਂ ਵੱਧ ਬਾਇਓਫਰਟੀਲਾਈਜ਼ਰ ਨਾਲ ਮਿਲੇ ਹੋਏ ਪਾਣੀ ਦੇ ਨਾਲ
B) ਸਿਸਟੇਮਾ 6 ਲਈ 5-10 ਕਿਲੋ ਚੂਨੇ ਦੇ ਪਾਊਡਰ ਨਾਲ ਪਾਣੀ ਮਿਲਾਉ (ਡਾਈਜੈਸਟਰ ਦੇ ਆਕਾਰ ਦੇ ਅਨੁਪਾਤ ਨਾਲ ਵਧਾਉ)।

**5.** ਇਸਨੂੰ 1-3 ਹਫ਼ਤਿਆਂ ਲਈ ਜਾਂ ਜਦੋਂ ਤੱਕ ਇਹ ਭਰ/ਫੁੱਲ ਨਹੀਂ ਜਾਂਦਾ ਉਦੋਂ ਤੱਕ ਉਂਝ ਹੀ ਰਹਿਣ ਦਿਓ।


**6.** ਬਾਇਓ ਸਟੋਵ ਨੂੰ ਜਲਾਉਣ ਦੀ ਕੋਸ਼ਿਸ਼ ਕਰੋ।

**7.** ਜੇਕਰ ਗੈਸ ਨਹੀਂ ਬਲਦੀ, ਤਾਂ ਪ੍ਰੈਸ਼ਰ ਛੱਡਣ ਵਾਲੇ ਵਾਲਵ ਰਾਹੀਂ ਬਾਇਓਗੈਸ ਦੇ ਡਾਇਜੈਸਟਰ ਨੂੰ ਖਾਲੀ ਕਰੋ ਅਤੇ ਇਸਨੂੰ 1-3 ਹਫ਼ਤਿਆਂ ਲਈ ਜਾਂ ਉਦੋਂ ਤੱਕ ਉਂਝ ਹੀ ਛੱਡ ਦਿਓ ਜਦੋਂ ਤੱਕ ਇਹ ਭਰ/ਫੁੱਲ ਨਹੀਂ ਜਾਂਦਾ ਅਤੇ ਇੱਕ ਜਲਣਸ਼ੀਲ ਗੈਸ ਪੈਦਾ ਨਹੀਂ ਕਰਦਾ।

**ਜੇਕਰ ਤੁਹਾਡੀ ਬਾਇਓਗੈਸ ਅਜੇ ਵੀ ਨਹੀ ਬਲਦੀ ਹੈ:** ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਮੇਰੇ ਬਾਇਓਸਟੋਵ ਦੀ ਫਲੇਮ/ਅੱਗ ਰੁਕ-ਰੁਕ ਬਲ ਰਹੀ ਹੈ/ਨੱਚ ਰਹੀ ਹੈ



ਗੈਸ ਲਾਈਨ ਵਿੱਚ ਕਿਤੇ ਵੀ ਪਾਣੀ ਇਕੱਠਾ ਹੋ ਸਕਦਾ ਹੈ।


**• ਕੀ ਤੁਹਾਡੀ ਬਾਇਓਗੈਸ ਲਾਈਨ ਘੱਟ ਹੋ ਰਹੀ ਹੈ?**
ਬਾਇਓਗੈਸ ਲਾਈਨ ਦੇ ਹੇਠਲੇ ਬਿੰਦੂਆਂ ਵਿੱਚ, ਪਾਣੀ ਇਕੱਠਾ ਹੋ ਸਕਦਾ ਹੈ ਅਤੇ ਬਾਇਓਗੈਸ ਨੂੰ ਵਹਿਣ ਤੋਂ ਰੋਕ ਸਕਦਾ ਹੈ! ਇਕੱਠੇ ਹੋਏ ਪਾਣੀ ਨੂੰ ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਜਾਂ ਪੀਆਰਵੀ ਵੱਲ ਮੋੜਨ ਲਈ ਗੈਸ ਲਾਈਨ ਨੂੰ ਉੱਚਾ ਕਰੋ। ਪੰਨਾ 18 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਗੈਸ ਲਾਈਨ ਵਿੱਚ ਪਾਣੀ ਇਕੱਠਾ ਹੋਣਾ" ਨੂੰ ਵੇਖੋ। ਵੀਡੀਓ: TS1, TS6.

**• ਕੀ ਤੁਸੀਂ ਨਿਯਮਿਤ ਤੌਰ ਤੇ ਆਪਣੇ ਵਾਟਰ ਟ੍ਰੈਪ (ਪਾਣੀ ਦੇ ਟ੍ਰੈਪ) ਖਾਲੀ ਕਰ ਰਹੇ ਹੋ?**
ਪੰਨਾ 18 ਤੇ ਭਾਗ "**ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ**", "ਵਾਟਰ ਟ੍ਰੈਪ (ਪਾਣੀ ਦੇ ਟ੍ਰੈਪ) ਦੀ ਜਾਂਚ ਵੇਖੋ"। ਵੀਡੀਓ: TS3, OM6.

**ਜੇ ਤੁਹਾਡੀ ਫਲੇਮ/ਅੱਗ ਅਜੇ ਵੀ ਨੱਚ ਰਹੀ ਹੈ:**
ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਘੋਲ ਡਾਇਜੈਸਟਰ ਵਿੱਚ ਦਾਖਲ ਨਹੀਂ ਹੋ ਰਿਹਾ ਹੈ
• ਬਾਇਓਫਰਟੀਲਾਈਜ਼ਰ ਡਾਇਜੈਸਟਰ ਵਿੱਚੋਂ ਨਹੀਂ ਨਿਕਲ ਰਹੀ



**• ਜੇ ਤੁਹਾਡਾ ਬਾਇਓਫਰਟੀਲਾਈਜ਼ਰ ਸਿਰਫ ਉਦੋਂ ਹੀ ਨਿਕਲਦਾ ਹੈ ਜਦੋਂ ਡਾਇਜੈਸਟਰ ਭਰਿਆ/ਫੁੱਲਿਆ ਹੈ,** ਕੋਈ ਸਮੱਸਿਆ ਨਹੀਂ ਹੈ!


• ਆਪਣੇ ਇਨਲੇਟ ਜਾਂ ਆਊਟਲੈਟ ਪਾਈਪਾਂ ਵਿੱਚੋਂ ਸੁੱਕੀ ਜਾਂ ਸਖਤ ਸਮੱਗਰੀ ਨੂੰ ਹਟਾਓ ਜੋ ਪ੍ਰਵਾਹ ਨੂੰ ਰੋਕ ਸਕਦੀ ਹੈ। Y ਫਿਟਿੰਗ ਰਾਹੀਂ ਪਾਈਪ ਨੂੰ ਖਾਲੀ ਕਰਨ ਲਈ ਇੱਕ ਪਤਲੀ, ਲਚਕੀਲੇ ਡੰਡੇ (ਜਿਵੇਂ ਬਾਂਸ) ਦੀ ਵਰਤੋਂ ਕਰੋ। ਵੀਡੀਓ: TS11.

**• ਕੀ ਇਨਲੇਟ ਪਾਈਪ ਆਊਟਲੈੱਟ ਪਾਈਪ ਤੋਂ ਥੱਲੇ ਹੈ?**
ਫੀਡਿੰਗ ਟੈਂਕ ਨੂੰ ਇਸ ਦੇ ਹੇਠਾਂ ਪੱਥਰ ਜਾਂ ਮਿੱਟੀ ਰੱਖ ਕੇ ਥੋੜ੍ਹਾ ਉੱਚਾ ਕਰੋ।

**ਜੇ ਤੁਹਾਡਾ ਘੋਲ ਅਜੇ ਵੀ ਨਹੀਂ ਵਹਿ ਰਿਹਾ ਹੈ:**
ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਮੇਰੇ ਪ੍ਰੈਸ਼ਰ ਛੱਡਣ ਵਾਲੇ ਵਾਲਵ ਵਿੱਚੋਂ ਅਕਸਰ ਬੁਲਬੁਲੇ ਆਉਂਦੇ ਹਨ!





**• ਕੀ ਤੁਸੀਂ ਆਪਣੇ ਪ੍ਰੈਸ਼ਰ ਛੱਡਣ ਵਾਲੇ ਵਾਲਵ ਨੂੰ ਨਿਯਮਿਤ ਤੌਰ ਤੇ ਭਰ ਰਹੇ ਹੋ?**
ਪੰਨਾ 18 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, ਪ੍ਰੈਸ਼ਰ ਛੱਡਣ ਵਾਲਾ ਵਾਲਵ ਵੇਖੋ। ਵੀਡੀਓ: OM2, O&M1.

**• ਤੁਸੀਂ ਸ਼ਾਇਦ ਬਹੁਤ ਜ਼ਿਆਦਾ ਬਾਇਓਗੈਸ ਪੈਦਾ ਕਰ ਰਹੇ ਹੋ!**
ਕਿਰਪਾ ਕਰਕੇ ਆਪਣੀ ਵਾਧੂ ਗੈਸ ਨੂੰ ਜਲਾਉ ਜਾਂ ਇੱਕ ਪੈਨ ਵਿੱਚ ਪਾਣੀ ਨੂੰ ਗਰਮ ਕਰਨ ਲਈ ਇਸਦੀ ਵਰਤੋਂ ਕਰੋ! ਜੇਕਰ ਇਹ ਅਜੇ ਵੀ ਨਿਯਮਿਤ ਤੌਰ ਤੇ ਬੁਲਬਲੇ ਆ ਰਹੇ ਹਨ, ਤਾਂ ਹੌਲੀ-ਹੌਲੀ ਖੁਰਾਕ ਘੱਟ ਕਰੋ। ਪੰਨਾ 22 ਤੇ ਭਾਗ ਬਾਇਓਡਾਈਜੈਸਟਰ ਤੋਂ ਵੱਧ ਤੋਂ ਵੱਧ ਪ੍ਰਾਪਤ ਕਰੋ, **"ਆਪਣੇ ਬਾਇਓਗੈਸ ਨਿਕਲਣ ਨਾ ਦਿਓ"** ਨੂੰ ਵੇਖੋ। ਵੀਡੀਓ: TS10.

**ਜੇਕਰ ਤੁਹਾਡਾ ਡਾਇਜੈਸਟਰ ਅਜੇ ਵੀ ਬਹੁਤ ਜ਼ਿਆਦਾ ਬਾਇਓਗੈਸ ਪੈਦਾ ਕਰ ਰਿਹਾ ਹੈ:** ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:**

• ਰਸੋਈ ਵਿੱਚ ਗੈਸ/ਸੜੇ ਹੋਏ ਅੰਡੇ ਦੀ ਬਦਬੂ ਆ ਰਹੀ ਹੈ



**• ਜਦੋਂ ਤੁਸੀਂ ਆਪਣੇ ਕੁੱਕਸਟੋਵ (ਰਸੋਈ ਦੇ ਸਟੋਵ) ਨੂੰ ਜਲਾਉਂਦੇ ਹੋ ਤਾਂ ਕੀ ਇਸ ਵਿੱਚ ਬਦਬੂ ਆਉਂਦੀ ਹੈ?**
ਨਾ ਬਲੀ ਹੋਈ ਬਾਇਓਗੈਸ ਦੀ ਨਿਕਾਸੀ ਨੂੰ ਸੀਮਿਤ ਕਰਨ ਲਈ ਬਰਨਰ ਨੂੰ ਜਲਦ ਹੀ ਮਾਚਿਸ ਲਗਾਉ। ਪੰਨਾ 17 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, "ਕਾਊਂਟਰਵੇਟ ਦੀ ਵਰਤੋਂ ਕਰਦੇ ਹੋਏ ਆਪਣੀ ਫਲੇਮ/ਅੱਗ ਨੂੰ ਠੀਕ ਕਰੋ ਵੇਖੋ"। ਵੀਡੀਓ: OM11, OM12.


**• ਕੀ ਤੁਸੀਂ ਆਪਣੇ ਫਿਲਟਰ ਵਿੱਚ ਲੋਹੇ ਦੀ ਚਾਦਰ (ਲੋਹੇ ਦੀ ਉੱਨ) ਨੂੰ ਅਕਸਰ ਬਦਲਦੇ ਹੋ?**
ਪੰਨਾ 19 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, "ਫਿਲਟਰ ਬਦਲਣਾ" ਵੇਖੋ। ਵੀਡੀਓ: OM5.

**• ਕੀ ਕੁੱਕਸਟੋਵ ਵਾਲਵ, ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਜਾਂ ਬਾਇਓਗੈਸ ਫਿਲਟਰ ਖੁੱਲ੍ਹਾ ਰਹਿ ਗਿਆ ਸੀ ਜਾਂ ਠੀਕ ਤਰ੍ਹਾਂ ਬੰਦ ਨਹੀਂ ਕੀਤਾ ਗਿਆ ਸੀ?**
ਉਹਨਾਂ ਨੂੰ ਬੰਦ ਕਰੋ! ਪੰਨਾ 17 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, "ਪਹਿਲੀ ਬਾਇਓਗੈਸ ਫਲੇਮ/ਅੱਗ", ਪੰਨਾ 18 ਤੇ "ਵਾਟਰ ਟ੍ਰੈਪ (ਪਾਣੀ ਦਾ ਟ੍ਰੈਪ) ਦੀ ਜਾਂਚ ਕਰੋ" ਅਤੇ ਪੰਨਾ 19 ਤੇ "ਫਿਲਟਰ ਬਦਲਾਉਣਾ" ਭਾਗ ਵੇਖੋ। ਵੀਡੀਓ: OM6, TS12, OM5.

**• ਕੀ ਲੀਕ ਹੋ ਰਿਹਾ ਹੈ?**
ਪੰਨਾ 19 ਤੇ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, "ਗੈਸ ਲਾਈਨ ਲੀਕ ਹੋਣ ਦੀ ਜਾਂਚ" ਅਤੇ ਪੰਨਾ 8 ਤੇ "ਸੁਰੱਖਿਆ, ਬਾਇਓਗੈਸ" ਭਾਗਾਂ ਨੂੰ ਵੇਖੋ।

**ਜੇਕਰ ਤੁਹਾਨੂੰ ਅਜੇ ਵੀ ਆਪਣੀ ਰਸੋਈ ਵਿੱਚ ਬਾਇਓਗੈਸ ਦੀ ਗੰਧ ਆ ਰਹੀ ਹੈ:** ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ!

**ਮੁੱਦਾ:** • ਡਾਇਜੈਸਟਰ ਦੇ ਨੇੜੇ ਗੈਸ/ਸੜੇ ਹੋਏ ਅੰਡੇ ਦੀ ਬਦਬੂ ਆ ਰਹੀ ਹੈ



**• ਕੀ ਤੁਸੀਂ ਇਨਲੇਟ ਅਤੇ ਆਊਟਲੈਟ ਪਾਈਪਾਂ ਵਿੱਚ ਪਾਣੀ ਦੇਖ ਸਕਦੇ ਹੋ?**
ਯਕੀਨੀ ਬਣਾਓ ਕਿ ਉਹ ਭਰੇ ਹੋਏ ਹਨ ਤਾਂ ਜੋ ਬਾਇਓ ਗੈਸ ਨਾ ਨਿਕਲ ਸਕੇ। ਪੰਨਾ 10 ਤੇ ਭਾਗ **"ਬਾਇਓਡਾਈਜੈਸਟਰ ਸਟਾਰਟਅੱਪ"** "ਰਿਐਕਟਰ ਨੂੰ ਪਾਣੀ ਨਾਲ ਭਰੋ ਜਦੋਂ ਤੱਕ ਪਾਣੀ ਇਨਲੇਟ ਅਤੇ ਆਊਟਲੇਟ ਮੋੜ ਤੱਕ ਨਹੀਂ ਪਹੁੰਚਦਾ ਹੈ" ਵੇਖੋ। ਵੀਡੀਓ: I3, I5.


**• ਕੀ ਤੁਹਾਡਾ ਪ੍ਰੈਸ਼ਰ ਛੱਡਣ ਵਾਲਾ ਵਾਲਵ ਪਾਣੀ ਨਾਲ ਭਰਿਆ ਹੋਇਆ ਹੈ?**
ਪੰਨਾ 18 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, ਪ੍ਰੈਸ਼ਰ ਛੱਡਣ ਵਾਲਾ ਵਾਲਵ ਵੇਖੋ। ਵੀਡੀਓ: O&M1, OM2.

**• ਕੀ ਲੀਕ ਹੋ ਰਿਹਾ ਹੈ?**
ਪੰਨਾ 19 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, "ਗੈਸ ਲਾਈਨ ਲੀਕ ਹੋਣ ਦੀ ਜਾਂਚ" ਨੂੰ ਵੇਖੋ।

**• ਕੀ ਫਿਲਟਰ ਗੈਸਕਟ ਨਾਲ ਤੁਹਾਡਾ ਬਾਇਓਗੈਸ ਫਿਲਟਰ ਠੀਕ ਤਰ੍ਹਾਂ ਕੱਸਿਆ ਹੋਇਆ ਹੈ?**
ਪੰਨਾ 19 ਤੇ ਭਾਗ **"ਆਪਣੇ ਸਿਸਟਮ ਨੂੰ ਕਿਵੇਂ ਵਰਤਣਾ ਹੈ"**, "ਫਿਲਟਰ ਬਦਲਣਾ" ਵੇਖੋ। ਵੀਡੀਓ: OM5.

**• ਕੀ ਡਾਇਜੈਸਟਰ ਅਤੇ ਫਿਲਟਰ ਵਿਚਕਾਰ ਪਾਰਦਰਸੀ ਪਾਈਪ ਟੁੱਟ ਗਈ ਹੈ?**
ਆਪਣੇ ਤਕਨੀਸ਼ੀਅਨ ਨੂੰ ਕਾਲ ਕਰੋ!

**ਮੁੱਦਾ:** • ਮੇਰੇ ਬਾਇਓਫਰਟੀਲਾਈਜ਼ਰ ਤੋਂ ਬਦਬੂ ਆਉਂਦੀ ਹੈ!



**• ਕੀ ਤੁਸੀਂ ਆਪਣੇ ਡਾਇਜੈਸਟਰ ਨੂੰ ਜ਼ਿਆਦਾ ਖੁਰਾਕ ਦੇ ਰਹੇ ਹੋ?**
ਪੰਨਾ 21 ਤੇ ਭਾਗ **"ਬਾਇਓਡਾਈਜੈਸਟਰ ਤੋਂ ਵੱਧ ਤੋਂ ਵੱਧ ਪ੍ਰਾਪਤ ਕਰੋ"**, "ਖੁਰਾਕ ਦੀ ਨਿਯਮਤਤਾ" ਵੇਖੋ। ਕੈਲੀਬਰੇਟਡ pH ਮੀਟਰ (ਕਿਰਪਾ ਕਰਕੇ pH ਮੀਟਰ ਕੈਲੀਬ੍ਰੇਸ਼ਨ ਹਿਦਾਇਤਾਂ ਦੀ ਪਾਲਣਾ ਕਰੋ) ਦੀ ਵਰਤੋਂ ਕਰਦੇ ਹੋਏ ਆਪਣੇ ਆਊਟਲੈਟ ਪਾਈਪ ਤੋਂ ਬਾਇਓਫਰਟੀਲਾਈਜ਼ਰ ਦੇ pH ਨੂੰ ਮਾਪੋ। ਜੇਕਰ ਬਾਇਓਫਰਟੀਲਾਈਜ਼ਰ ਦਾ pH ਪੱਧਰ ਘੱਟ ਹੈ ਅਤੇ ਤੁਸੀਂ ਆਪਣੇ ਡਾਇਜੈਸਟਰ ਨੂੰ ਖੁਰਾਕ ਦਿੰਦੇ ਰਹਿੰਦੇ ਹੋ, ਤਾਂ ਇਹ ਬੈਕਟੀਰੀਆ ਨੂੰ ਬਾਇਓਗੈਸ ਪੈਦਾ ਕਰਨ ਤੋਂ ਰੋਕ ਸਕਦਾ ਹੈ: ਬਹੁਤ ਜ਼ਿਆਦਾ ਕਾਰਬਨ ਡਾਈਆਕਸਾਈਡ ਅਤੇ ਕਾਫ਼ੀ ਮੀਥੇਨ ਨਹੀਂ ਹੈ।

**• ਕੀ ਤੁਸੀਂ ਪਸ਼ੂਆਂ ਦੇ ਗੋਬਰ ਤੋਂ ਇਲਾਵਾ ਹੋਰ ਜੈਵਿਕ ਕੂੜੇ ਨਾਲ ਆਪਣੇ ਡਾਇਜੈਸਟਰ ਨੂੰ ਖੁਰਾਕ ਦੇ ਰਹੇ ਹੋ?**
ਕੁਝ ਕੂੜੇ ਬਹੁਤ ਜ਼ਿਆਦਾ ਪੋਸ਼ਟਿਕ ਹੁੰਦੇ ਹਨ ਜਿੰਨਾਂ ਨੂੰ ਸਹੀ ਢੰਗ ਨਾਲ ਹਜ਼ਮ ਨਹੀਂ ਕੀਤਾ ਜਾ ਸਕਦਾ ਅਤੇ ਖੁਰਾਕ ਦੀ ਮਾਤਰਾ ਦੇ ਖਾਸ ਨਿਯੰਤਰਣ ਦੀ ਲੋੜ ਹੁੰਦੀ ਹੈ! ਆਪਣੇ ਤਕਨੀਸ਼ੀਅਨ ਨਾਲ ਸੰਪਰਕ ਕਰੋ.

# ਨਿਪਟਾਰਾ

• ਤੁਹਾਡੀ ਬਾਇਓਡਾਈਜੈਸਟਰ ਕਿੱਟ ਦੀ **ਪੈਕਿੰਗ ਰੀਸਾਈਕਲ ਕਰਨ ਯੋਗ** ਹੈ। ਅਸੀਂ ਤੁਹਾਨੂੰ ਇਸ ਨੂੰ ਨਜ਼ਦੀਕੀ ਰੀਸਾਈਕਲਿੰਗ ਕੇਂਦਰ ਜਾਂ ਇਸ ਵਰਗੇ ਤੇ ਲਿਜਾਣ ਦੀ ਸਿਫ਼ਾਰਿਸ਼ ਕਰਦੇ ਹਾਂ।

• ਵਰਤੇ ਗਏ ਲੋਹੇ ਦੀ ਚਾਦਰ (ਲੋਹੇ ਦੀ ਉੱਨ) ਨੂੰ ਕੂੜੇਦਾਨ ਵਿੱਚ ਨਿਪ ਟਾਇਆ ਜਾ ਸਕਦਾ ਹੈ ਜਾਂ ਇਸਨੂੰ ਪਹਿਲਾਂ **ਆਇਰਨ ਅਤੇ ਸਲਫਰ ਦੇ ਟੁਕੜਿਆਂ ਨਾਲ ਭਰਪੂਰ ਕਰਨ ਲਈ** ਖਾਦ ਵਿੱਚ ਮਿਲਾਈਆ ਜਾ ਸਕਦਾ ਹੈ!

• ਇੱਕ ਵਾਰ ਜਦੋਂ ਤੁਹਾਡੇ **ਡਾਇਜੈਸਟਰ ਦਾ** 20 **ਸਾਲ ਦਾ ਜੀਵਨ ਕਾਲ ਖਤਮ ਹੋ ਜਾਂਦਾ ਹੈ** ਅਤੇ ਇਹ ਵਰਤੋਂ ਵਿੱਚ ਨਹੀਂ ਰਹਿੰਦਾ ਹੈ, ਤਾਂ ਇਸਦੇ ਭਾਗਾਂ ਨੂੰ ਸਥਾਨਕ ਰੀਸਾਈਕਲਿੰਗ ਕੇਂਦਰ ਵਿੱਚ ਲੈ ਕੇ ਜਾਓ।

• ਜੇਕਰ ਤੁਹਾਨੂੰ **ਰੀਸਾਈਕਲਿੰਗ ਕੇਂਦਰਾਂ ਬਾਰੇ ਜਾਣਕਾਰੀ ਚਾਹੀਦੀ ਹੈ,** ਤਾਂ ਬੇਝਿਜਕ ਸਾਨੂੰ ਕਾਲ ਕਰੋ।

# ਧਿਆਨ ਵਿੱਚ ਰੱਖਣ ਵਾਲੇ ਵੇਰਵੇ

**ਤਕਨੀਸ਼ੀਅਨ ਦਾ ਨਾਮ:** ______________________

**ਇੰਸਟਾਲ ਕਰਨ ਦੀ ਮਿਤੀ:** ______________________

**ਕੂੜੇ ਦੀ ਕਿਸਮ:** ______________________

**ਰੋਜ਼ਾਨਾ ਖੁਰਾਕ ਦੀ ਮਾਤਰਾ:** ______________________

**ਪਾਣੀ ਨਾਲ ਪਤਲਾ ਕੀਤਾ:** ______________________

**ਲੜੀ ਸੰਖਿਆ:** ______________________

# ਨੋਟ

SISTEMA.bio
CREATING VALUE FROM WASTE

# ਸੰਪਰਕ ਜਾਣਕਾਰੀ

**ਸਥਾਨਕ ਸਿਸਟੇਮਾ/ਬਾਇਓ ਗਾਹਕ ਦੇਖਭਾਲ ਦਾ ਸੰਪਰਕ.:**

ਨਾਮ: ______________________________

ਟੈਲੀਫੋਨ: ______________________________

ਈਮੇਲ ਪਤਾ: ______________________________

https://sistema.bio/contact-us/

**ਮਿਤੀ ਅਤੇ ਗਾਹਕ ਦੇ ਦਸਤਖਤ ਇਹ ਸਵੀਕਾਰ ਕਰਦੇ ਹੋਏ ਕਿ ਉਹਨਾਂ ਨੇ ਸਿਖਲਾਈ ਪ੍ਰਾਪਤ ਕੀਤੀ ਹੈ:**

______________________________

**ਸਾਨੂੰ 'ਤੇ ਕਾਲ ਕਰੋ**

# 9607606660

ਵਧੇਰੇ ਜਾਣਕਾਰੀ ਲਈ, ਇੱਥੇ ਜਾਉ:
**www.sistema.bio**

**#CreatingValueFromWaste**

www.sistema.bio

Sistema Biobolsa / Sistema.bio

Sistema_bio

Sistema.bio

PUN